The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 295 Website : www.punjabiakhbaar.ca Email: editor@punjabiakhbaar.ca Friday, 3 July 2026

A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

## ਪੰਥ ਦੀ ਕਚਹਿਰੀ : ਪਹਿਲਾ ਦਾਦਾ ਤੇ ਹੁਣ ਪੋਤਾ ਪੇਸ਼..!

# ਗਿਆਨੀ ਜੈਲ ਸਿੰਘ ਮਗਰੋਂ ਉਨ੍ਹਾਂ ਦਾ ਪੋਤਾ ਕੁਲਤਾਰ ਸਿੰਘ ਸੰਧਵਾਂ ਹੋਏ ਪੇਸ਼

ਚਰਨਜੀਤ ਭੁੱਲਰ

--------------------------------

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ’ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਾਕੀ ਵਿਧਾਇਕਾਂ ਸਮੇਤ ਪੇਸ਼ ਹੋਏ ਹਨ। ਸਿੱਖ ਇਤਿਹਾਸ ’ਚ ਇਹ ਦੂਜਾ ਮੌਕਾ ਹੈ ਕਿ ਜਦੋਂ ਇੱਕੋ ਪਰਿਵਾਰ ਦੋ ਮੈਂਬਰਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ’ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਾਕੀ ਵਿਧਾਇਕਾਂ ਸਮੇਤ ਪੇਸ਼ ਹੋਏ ਹਨ। ਸਿੱਖ



ਇਤਿਹਾਸ ’ਚ ਇਹ ਦੂਜਾ ਮੌਕਾ ਹੈ ਕਿ ਜਦੋਂ ਇੱਕੋ ਪਰਿਵਾਰ ਦੋ ਮੈਂਬਰਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਤਲਬੀ ਹੋਈ ਹੋਵੇ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜੂਨ 1984 ਦੇ ਬਲੂ ਸਟਾਰ ਅਪਰੇਸ਼ਨ ਲਈ ਨੈਤਿਕ ਅਤੇ ਸੰਵਿਧਾਨਿਕ ਤੌਰ ’ਤੇ ਤਤਕਾਲੀ ਰਾਸ਼ਟਰਪਤੀ ਤੇ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਸਰਵ ਉੱਚ ਕਮਾਂਡਰ ਹੋਣ ਦੇ ਨਾਤੇ ਗਿਆਨੀ ਜੈਲ ਸਿੰਘ ਨੂੰ ਜ਼ਿੰਮੇਵਾਰ ਮੰਨਦਿਆਂ ਉਨ੍ਹਾਂ ਨੂੰ ਤਲਬ ਕੀਤਾ ਗਿਆ ਸੀ।

ਕਰੀਬ 42 ਸਾਲ ਪਹਿਲਾਂ ਦਾਦਾ ਗਿਆਨੀ ਜੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਏ ਸਨ ਅਤੇ ਹੁਣ ਉਨ੍ਹਾਂ ਦਾ ਪੋਤਾ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ’ਤੇ ਪੇਸ਼ ਹੋਏ ਹਨ। ‘ਸੰਧਵਾਂ ਪਰਿਵਾਰ’ ਦੇ ਦੋ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਏ ਹਨ। ਉਸ ਤੋਂ ਪਹਿਲਾਂ ‘ਬਾਦਲ ਪਰਿਵਾਰ’ ਦੇ ਦੋ ਮੈਂਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਏ ਸਨ। 1978 ’ਚ ਅੰਮ੍ਰਿਤਸਰ ’ਚ ਹੋਏ ਸਿੱਖ ਨਿਰੰਕਾਰੀ ਹਿੰਸਕ ਟਕਰਾਅ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਲਬ ਕੀਤਾ ਗਿਆ ਸੀ। ਬਾਦਲ ਪਰਿਵਾਰ ਦੇ ਹੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਾਲ 2007-2017 ਦਰਮਿਆਨ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਮੁਤੱਲਕ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 30 ਅਗਸਤ 2024 ਨੂੰ ਤਨਖ਼ਾਹੀਆ ਐਲਾਨਿਆ ਗਿਆ ਸੀ।

ਬਾਕੀ ਸਫ਼ਾ 23 ’ਤੇ ਜਾਰੀ

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
ਨਿੱਜੀ ਦੇਖਭਾਲ
ਡਿਮੈਂਸ਼ੀਆਂ ਕੇਅਰ
ਖਾਣਾ ਬਣਾਉਣਾ
ਸਫਾਈ
ਸਾਥ-ਸੰਗਤ
ਹੋਸਪਿਸ ਸਮਰਥਨ
ਆਵਾਜਾਈ ਸੇਵਾ
ਰੈਸਪਾਈਟ ਕੇਅਰ
ਨਰਸਿੰਗ ਸੇਵਾਵਾਂ
24 ਘੰਟੇ ਦੇਖਭਾਲ
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher Senior Administrator
Simmiep@bnadebtsolutions.ca
• Licensed Insolvency Trustees • Proposal Administrators
BNA Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
•Closets •Wet Bars •Book Shelving •Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 295 Website : www.punjabiakhbaar.ca Email: editor@punjabiakhbaar.ca Friday, 3 July 2026

## ਬੇਅਦਬੀ ਵਿਰੋਧੀ ਕਾਨੂੰਨ 'ਚ 'ਪ੍ਰਸਤਾਵਿਤ ਸੋਧਾਂ' ਬਾਰੇ ਪੰਜਾਬ ਸਰਕਾਰ ਇੱਕ ਮਹੀਨੇ ਅੰਦਰ ਕਾਰਵਾਈ ਕਰੇਗੀ : ਸੰਧਵਾਂ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿਰਦੇਸ਼ ਮਿਲਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਬੇਅਦਬੀ ਵਿਰੋਧੀ ਕਾਨੂੰਨ ਵਿੱਚ ਕਿਸੇ ਵੀ ਪ੍ਰਸਤਾਵਿਤ ਸੋਧ 'ਤੇ ਕਾਰਵਾਈ ਕਰੇਗੀ। ਸਪੀਕਰ ਸੰਧਵਾ ਨੇ ਆਮ ਆਦਮੀ ਪਾਰਟੀ ਦੇ ਸਾਰੇ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਦੇ ਇੱਕ ਵਫ਼ਦ ਦੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਮੌਕੇ ਅਗਵਾਈ ਕੀਤੀ ਸੀ। ਸੰਧਵਾਂ ਨੇ ਕਿਹਾ ਕਿ ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਸਮੀ ਤੌਰ 'ਤੇ ਪ੍ਰਸਤਾਵਿਤ ਬਦਲਾਅ ਦੀ ਸੂਚੀ ਭੇਜਣਗੇ, ਤਾਂ ਉਹ ਇਸ ਨੂੰ ਵਿਚਾਰ-ਵਟਾਂਦਰੇ ਲਈ ਸੂਬਾ ਸਰਕਾਰ ਅਤੇ ਪਾਰਟੀ ਵਿਧਾਇਕਾਂ ਦੇ ਸਾਹਮਣੇ ਰੱਖਣਗੇ। ਉਨ੍ਹਾਂ ਨੇ ਕਿਹਾ ਕਿ ਅੰਤਿਮ ਫੈਸਲਾ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੇ ਅਨੁਸਾਰ ਹੀ ਲਿਆ ਜਾਵੇਗਾ। ਵਰਨਣਯੋਗ ਹੈ ਕਿ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਮਾਮਲੇ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਵਿਧਾਇਕ ਅਤੇ ਸਿੱਖ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਮਣੇ ਪੇਸ਼ ਹੋਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਚੱਲੀ ਕਈ ਘੰਟਿਆਂ ਦੀ ਸੁਣਵਾਈ ਦੌਰਾਨ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਕਾਨੂੰਨ ਵਿੱਚ ਸੋਧ ਕਰਨ ਲਈ ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ ਦਿੱਤਾ ਗਿਆ ਹੈ।



RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

### ਸਿੰਘ ਸਾਹਿਬਾਨ ਦੇ ਤਿੱਖੇ ਸਵਾਲਾਂ ਅੱਗੇ 'ਆਪ' ਵਿਧਾਇਕਾਂ ਦੀ ਬੌਧਿਕ ਸੂਝ ਫ਼ੇਲ੍ਹ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਅਕਾਲ ਤਖ਼ਤ ਸਕੱਤਰੇਤ 'ਤੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ 'ਆਪ' ਵਿਧਾਇਕ ਅਤੇ ਵਜ਼ੀਰ ਬੌਧਿਕ ਸੂਝ ਦੀ ਪ੍ਰੀਖਿਆ 'ਚ ਫ਼ੇਲ੍ਹ ਹੋ ਗਏ।ਸਿਆਸੀ ਤੌਰ ਉੱਤੇ 'ਆਪ' ਵਿਧਾਇਕ ਤੇ ਵਜ਼ੀਰ ਅਕਾਲ ਤਖ਼ਤ ਅੱਗੇ ਨਤਮਸਤਕ ਹੋ ਕੇ ਸਰਕਾਰ ਖ਼ਿਲਾਫ਼ ਬਣ ਰਹੇ ਜਨਤਕ ਬਿਰਤਾਂਤ ਨੂੰ ਮੋੜਾ ਦੇਣ 'ਚ ਜ਼ਰੂਰ ਸਫ਼ਲ ਹੋਏ ਹਨ ਪ੍ਰੰਤੂ ਇਕੱਤਰਤਾ 'ਚ ਬੌਧਿਕ ਮੁਹਾਜ਼ 'ਤੇ ਖ਼ਤਾ ਖਾ ਗਏ। ਵਿਰੋਧੀ ਧਿਰ ਦੇ ਆਗੂਆਂ ਨੇ ਪੰਜਾਬ ਵਿਧਾਨ ਸਭਾ 'ਚ ਬੋਲੇ ਜਾਣ ਦਾ ਸਮਾਂ ਨਾ ਦਿੱਤੇ ਜਾਣ ਦੀ ਗੱਲ ਧਾਰਮਿਕ ਮੰਚ ਤੋਂ ਆਖੀ।ਪੰਜਾਬ ਵਿਧਾਨ ਸਭਾ 'ਚ ਕਿਵੇਂ ਬਿਨਾਂ ਬਹਿਸ ਤੋਂ ਜਲਦਬਾਜ਼ੀ 'ਚ ਕਾਨੂੰਨ ਪਾਸ ਹੁੰਦੇ ਹਨ, ਇਸ ਦਾ ਝਲਕਾਰਾ ਸਿੰਘ ਸਾਹਿਬਾਨਾਂ ਦੇ ਅੱਗੇ ਬੈਠੇ ਵਿਧਾਇਕਾਂ ਦੇ ਜਵਾਬਾਂ ਤੋਂ ਦੇਖਣ ਨੂੰ ਮਿਲਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੱਖ ਰੱਖਿਆ ਕਿ ਉਨ੍ਹਾਂ ਵੱਲੋਂ 13 ਅਪਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ ਪੇਸ਼ ਹੋਣ ਸਮੇਂ ਇਹ ਮਸ਼ਵਰਾ ਦਿੱਤਾ ਗਿਆ ਸੀ ਕਿ ਬਹਿਸ ਨੂੰ ਇੱਕ ਦਿਨ ਹੋਰ ਵਧਾ ਲਿਆ ਜਾਵੇ ਅਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਨਾਲ ਜ਼ਰੂਰ ਵਿਚਾਰ-ਵਟਾਂਦਰਾ ਕੀਤਾ ਜਾਵੇ।

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigration Consultant)
306-201-4464
Regina, SK navimmigrationservices@gmail.com

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET , REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
MUST HAVE
- Clean Driver Abstract and CVOR
- Clear Criminal Search
- Minimum 6 months verifiable experience
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 Hours
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

# ਸਾਹਿਤ ਮਨੁੱਖੀ ਜਜ਼ਬਾਤਾਂ ਅਤੇ ਤਜਰਬਿਆਂ ਦਾ ਸ਼ੀਸ਼ਾ ਹੈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ ਜੂਨ 27, 2026 ਨੂੰ ਕੋਸੋ ਹਾਲ ਵਿਚ ਡਾ: ਦਯਾ ਸਿੰਘ, ਸੁਰਿੰਦਰ ਗੀਤ ਅਤੇ ਲਖਵਿੰਦਰ ਸਿੰਘ ਸਿੱਧੂ ਦੀ ਪ੍ਰਧਾਨਗੀ ਵਿੱਚ ਹੋਈ। ਚੜ੍ਹਦੇ ਪੰਜਾਬ ਤੋਂ ਆਏ ਲੇਖਕ, ਆਲੋਚਕ ਅਤੇ ਪੰਜਾਬੀ ਦੀ ਮਿਆਰੀ ਮੈਗਜ਼ੀਨ 'ਸੁਰਤਿ' ਦੇ ਪ੍ਰਬੰਧਕੀ ਸੰਪਾਦਕ ਡਾ: ਦਯਾ ਸਿੰਘ (ਪੰਜਾਬੀ ਵਿਭਾਗ ਖ਼ਾਲਸਾ ਕਾਲਜ ਅੰਮ੍ਰਿਤਸਰ) ਨੇ ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਛੋਟੇ ਜਿਹੇ ਸੱਦੇ ਨੂੰ ਪ੍ਰਵਾਨ ਕਰਦਿਆਂ ਸਭਾ ਦੇ ਸਮੂਹ ਮੈਂਬਰਾਂ ਅਤੇ ਕੈਲਗਰੀ ਦੇ ਸਾਹਿਤ ਪ੍ਰੇਮੀਆਂ ਦੇ ਭਰਵੇਂ ਇਕੱਠ ਦੇ ਰੂਬਰੂ ਹੋ ਕੇ ਮਾਣ ਬਖ਼ਸ਼ਿਆ। ਡਾ: ਦਯਾ ਸਿੰਘ ਨੇ ਪੰਜਾਬੀ ਸਾਹਿਤ ਸਭਾ ਕੈਲਗਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਪੰਜਾਬੀ ਸਾਹਿਤ ਸਭਾ ਕੈਲਗਰੀ ਦਾ ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਵਿਦੇਸ਼ਾਂ 'ਚ ਅਜੋਕੇ ਭੱਜ-ਦੌੜ ਵਾਲੇ ਦੌਰ ਵਿੱਚ ਆਪਣੇ ਵਤਨ, ਮਾਂ-ਬੋਲੀ, ਭਾਸ਼ਾ, ਸਾਹਿਤ ਅਤੇ ਮਿੱਟੀ ਨੂੰ ਸਨਮੁਖ ਮਹੱਤਵਪੂਰਨ ਸਾਹਿਤਕ ਮਿਲਣੀ ਰੱਖੀ ਹੈ ਅਤੇ ਇਸ ਸਾਹਿਤਕ ਮਿਲਣੀ ਵਿੱਚ ਮੈਨੂੰ ਸਾਹਿਤ ਸਬੰਧੀ ਆਪਣੇ ਵਿਚਾਰ ਰੱਖਣ ਅਤੇ ਕੈਨੇਡਾ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਜ਼ਹੀਨ ਤੇ ਮਹੀਨ ਰੂਹਾਂ ਦੇ ਦਰਸ਼ਨਾਂ ਲਈ ਮੌਕਾ ਪ੍ਰਦਾਨ ਕੀਤਾ। ਉਹਨਾਂ ਨੇ ਸਾਹਿਤ ਅਤੇ ਭਾਸ਼ਾ ਬਾਰੇ ਆਪਣੇ ਵਡਮੁੱਲੇ ਵਿਚਾਰ ਪ੍ਰਗਟ ਕਰਦਿਆਂ ਕਿਹਾ, " ਸਾਹਿਤ ਮਨੁੱਖੀ ਜਜ਼ਬਾਤਾਂ ਅਤੇ ਤਜਰਬਿਆਂ ਦਾ ਸ਼ੀਸ਼ਾ ਹੈ । ਸਾਹਿਤ ਮਨੁੱਖੀ ਸੋਚ ਨੂੰ ਵਿਸ਼ਾਲ ਕਰਦਾ ਹੈ, ਇਕ ਦਾਇਰੇ 'ਚੋਂ ਕੱਢ ਕੇ ਬ੍ਰਹਿਮੰਡੀ ਸੋਚ ਵੱਲ ਲੈ ਜਾਂਦਾ ਹੈ। ਚੰਗਾ ਸਾਹਿਤ ਮਨੁੱਖ ਨੂੰ ਸੱਚ, ਇਮਾਨਦਾਰੀ ਅਤੇ ਇਨਸਾਨੀਅਤ ਦੇ ਰਾਹ 'ਤੇ ਚਲਣ ਦੀ ਪ੍ਰੇਰਨਾ ਦੇ ਕੇ ਪਾਠਕਾਂ ਦੇ ਅਵਚੇਤਨ ਮਨ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਪੱਕਾ ਕਰਦਾ ਹੈ।" ਪੰਜਾਬੀ ਸਾਹਿਤ ਸਭਾ ਵੱਲੋਂ ਡਾ: ਦਯਾ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।ਸਭਾ ਦੇ ਸਰਗਰਮ ਮੈਂਬਰ ਲਖਵਿੰਦਰ ਸਿੰਘ ਸਿੱਧੂ ਦਾ ਪਲੇਠਾ ਕਾਵਿ ਸੰਗ੍ਰਹਿ 'ਸਿਸਕਤੇ ਅਲਫ਼ਾਜ਼' ਲੋਕ ਅਰਪਣ ਕੀਤਾ ਗਿਆ। ਇਹ ਕਿਤਾਬ ਹਿੰਦੀ ਵਿੱਚ ਲਿਖੀ ਹੋਈ ਹੈ। ਸੁਰਿੰਦਰ ਗੀਤ ਨੇ 'ਸਿਸਕਤੇ ਅਲਫ਼ਾਜ਼' ਚੋਂ ਇਕ ਕਵਿਤਾ ਦੀਆਂ ਕੁਝ ਪ੍ਰਭਾਵਸ਼ਾਲੀ ਸਤਰਾਂ ਸੁਣਾਈਆਂ। 'ਸਿਸਕਤੇ ਅਲਫ਼ਾਜ਼' ਦੇ ਲੇਖਕ ਲਖਵਿੰਦਰ ਸਿੰਘ ਸਿੱਧੂ ਨੇ ਇਸ ਪੁਸਤਕ ਬਾਰੇ ਦੱਸਦਿਆਂ ਕਿਹਾ ਕਿ ਹਿੰਦੀ 'ਚ ਲਿਖਣ ਉਹਨਾਂ ਦਾ ਨਿੱਜੀ ਕਾਰਨ ਹੈ। ਇਸ ਮੌਕੇ ਸੁਰਿੰਦਰ ਢਿੱਲੋਂ, ਮਨਮੋਹਨ ਸਿੰਘ ਬਾਠ, ਮਨਜੀਤ ਬਰਾੜ, ਸੁਰਿੰਦਰ ਗੀਤ,ਅਲਬੇਲਾ ਬਰਾੜ, ਦਰਸ਼ਨ ਸਿੰਘ ਪਟਿਆਲਾ, ਜਸਬੀਰ ਸਿੰਘ ਤੂ, ਜਸਵੀਰ ਸਿੰਘ ਸਹੋਤਾ, ਸੁਖਮਿੰਦਰ ਗਿੱਲ, ਸੋਹਣ ਸਿੰਘ ਭੁੱਚੋ, ਇਕਬਾਲ ਕੌਰ ਭੁੱਲਰ, ਗੁਰਰਾਜ ਸਿੰਘ ਵਿਰਕ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ। ਮੰਚ ਸੰਚਾਲਨ ਦਾ ਕਾਰਜ ਪੰਜਾਬੀ ਸਾਹਿਤ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਵਧੀਆ ਅਤੇ ਸੁਚੱਜੇ ਢੰਗ ਨਾਲ ਨਿਭਾਇਆ।











ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store | Play Store



# ਚੁੱਲ੍ਹਾ ਚੌਂਕਾ ਲਿਪਦੀ ਮੈਂ ਗਸ਼ ਖਾ ਕੇ ਡਿਗ ਪਈ ਬਚਣੇ ਦੀ ਆਸ ਕੋਈ ਨਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 23 ਜੂਨ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ ਮੀਟਿਗ ਪਿਤਾ-ਦਿਵਸ ਨੂੰ ਸਮਰਪਿਤ ਰਹੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਚੁਟਕਲੇ ਤੋਂ ਇਲਾਵਾ ਆਪਣੀ ਆਵਾਜ਼ ਵਿੱਚ ਇੱਕ ਗੀਤ ਵੀ ਗਾ ਕੇ ਸੁਣਾਇਆ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਪਿਛਲੇ ਪ੍ਰੋਗਰਾਮ ਦਾ ਅਨੇਕਤਾ ਵਿੱਚ ਏਕਤਾ ਦਾ ਸੰਦੇਸ਼ ਦੁਹਰਾਇਆ ਅਤੇ ਕਿਹਾ ਕਿ ਧਰਮ ਸਿਰਫ਼ ਨੇਕ ਫ਼ਰਜ਼ ਨਿਭਾਉਣ ਦੇ ਕਰਮ ਦਾ ਨਾਂ ਹੈ ਨਾ ਕਿ ਮਨੁੱਖਤਾ ਵਿੱਚ ਵੰਡੀਆਂ ਪਾਉਣ ਦਾ। ਉਨ੍ਹਾਂ ਨੇ ਜੂਨ ਮਹੀਨੇ ਦੇ ਕੁੱਝ ਖਾਸ ਦਿਨ- ਕਿਰਤੀ ਦਿਵਸ, ਕੌਮੀ ਮੂਲਨਿਵਾਸੀ ਦਿਵਸ ਅਤੇ ਪਿਤਾ ਦਿਵਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅੱਜ ਕੱਲ੍ਹ ਦੇ ਸੰਦਰਭ ਵਿੱਚ ਪਿਤਾ ਦੀ ਭੂਮਿਕਾ ਜ਼ਿਆਦਾ ਅਹਿਮ ਹੋ ਗਈ ਹੈ ਜੋ ਬਾਹਰ ਤੋਂ ਇਲਾਵਾ ਘਰ ਅੰਦਰ ਵੀ ਹਰੇਕ ਕੰਮ ਵਿੱਚ ਹੱਥ ਵਟਾਉਂਦਾ ਹੈ। ਮੀਟਿੰਗ ਵਿੱਚ ਹਾਜ਼ਰ ਰਿਸ਼ੀ ਨਾਗਰ ਦੇ ਵਿੱਚਾਰਾਂ ਦੀ ਪ੍ਰੌੜ੍ਹਤਾ ਕਰਦਿਆਂ ਕਿਹਾ ਕਿ ਕੁੱਝ ਮੰਗਣ ਦੀ ਬਜਾਏ ਦੂਜਿਆਂ ਨੂੰ ਕੁੱਝ ਦੇਣ ਵਾਲ਼ੇ ਬਣੋ, ਅੱਛੇ ਪਿਤਾ ਤੇ ਇਨਸਾਨ ਬਣੋ ਅਤੇ ਸਭਨਾਂ ਨੂੰ ਇੱਜ਼ਤ, ਪਿਆਰ ਤੇ ਸਤਿਕਾਰ ਵੰਡਣਾ ਸ਼ੁਰੂ ਕਰੋ। ਜੂਨ ਮਹੀਨੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਸਭਾ ਦੇ ਮੋਢੀ ਮੈਂਬਰ ਦਿਲਾਵਰ ਸਮਰਾ ਨੇ ਸੁਗਾਤਾਂ ਦੇ ਕੇ ਨਿਵਾਜਿਆ ਅਤੇ ਤਾੜੀਆਂ ਦੀ ਗੂੰਜ ਵਿੱਚ ਮੁਬਾਰਕਾਂ ਦਿੱਤੀਆਂ ਗਈਆਂ। ਗੁਰਦਰਸ਼ਨ ਸਿੰਘ ਧਾਲ਼ੀਵਾਲ਼ ਨੇ ਸੇਫ ਡ੍ਰਾਈਵਿੰਗ ਦੇ ਨੁਕਤੇ ਦੱਸੇ। ਪ੍ਰਮਿੰਦਰ ਗਰੇਵਾਲ਼ ਅਤੇ ਸਭਾ ਦੇ ਮੋਢੀ ਅਜਾਇਬ ਸਿੰਘ ਸੇਖੋਂ ਨੇ ਮਰਹੂਮ ਪ੍ਰਸ਼ੋਤਮ ਭਾਰਦਵਾਜ ਦੀ ਸਾਂਝ ਵਾਲ਼ੀਆਂ ਗੱਲਾਂ ਸੁਣਾ ਕੇ ਵਿੱਛੜੇ ਸਾਥੀ ਦੀ ਯਾਦ ਤਾਜ਼ਾ ਕਰ ਦਿੱਤੀ। ਸੁਰਿੰਦਰ ਢਿੱਲੋਂ ਨੇ ਬਹੁਤ ਹੀ ਢੁਕਵੇਂ ਅੰਦਾਜ਼ ਵਿੱਚ



ਤਰੱਨਮ ਵਿੱਚ ਕਵਿਤਾ ਪੇਸ਼ ਕੀਤੀ - ਚੱਲ ਚੱਲੀਏ ਬਾਬਾ ਫ਼ਰੀਦ ਜਿੱਥੇ, ਰਾਂਝਾ ਤੇ ਹੀਰ ਜਿੱਥੇ। ਗੁਰਮਿੰਦਰ ਕੌਰ ਨੇ ਮਜ਼ਾਕੀਆ ਗੀਤ - ਮਰ ਗਈ ਗਰਮੀ ਮੇਂ ਲੇ ਚਲ ਸ਼ਿਮਲੇ ਬਾਬੂ, ਸ਼ਮਿੰਦਰ-ਸੁਰਜੀਤ ਕੰਮੋਹ ਦੀ ਦੰਪਤੀ ਜੋੜੀ ਨੇ ਇਹ ਗੀਤ - ਪਰ ਮੈਨੂੰ ਤੇ ਬਾਪੂ ਤੇਰੀ ਲੋੜ ਬਥੇਰੀ ਸੀ, ਸੁਖਮੰਦਰ ਗਿੱਲ ਦੇ ਸੁਰ ਵਿੱਚ ਗਾਏ ਗੀਤ - ਬਾਪੂ ਨਾਲ਼ ਦੇ ਫੇਰ ਨਜ਼ਾਰੇ ਨਹੀਂ ਮਿਲਦੇ ਅਤੇ ਉੱਘੇ ਰੰਗਕਰਮੀ ਵਿਜੇ ਸਚਦੇਵਾ ਨੇ ਇਹ ਗੀਤ - ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ - ਪੂਰੀ ਲੈਅ ਤੇ ਸੁਰ ਵਿੱਚ ਪੇਸ਼ ਕਰ ਕੇ ਸੰਗੀਤਕ ਮਾਹੌਲ ਨੂੰ ਸਿਖਰ 'ਤੇ ਪੁਚਾਇਆ। ਮਨਦੀਪ ਕੌਰ ਹੁੰਦਲ, ਸੁੱਖੀ ਕੁੰਡੂ, ਅਮਰਜੀਤ ਕੌਰ ਪਲਾਹਾ, ਹਰਕੰਵਲ ਕੌਰ ਧਾਲ਼ੀਵਾਲ਼, ਸਰਬਜੀਤ ਕੌਰ ਮਘੇੜਾ ਅਤੇ ਜਸਵਿੰਦਰ ਕੌਰ ਮਿਨਹਾਸ ਦੀ ਟੀਮ ਨੇ ਮੌਕੇ ਮੁਤਾਬਕ ਕੋਰਸ ਗੀਤ ਗਾ ਕੇ ਦਿਲਚਸਪ ਮਾਹੌਲ ਸਿਰਜਿਆ - ਚੁੱਲ੍ਹਾ ਚੌਂਕਾ ਲਿਪਦੀ ਮੈਂ ਗਸ਼ ਖਾ ਕੇ ਡਿਗ ਪਈ ਬਚਣੇ ਦੀ ਆਸ ਕੋਈ ਨਾ / ਸਹੁਰਿਆਂ ਪਤਿਓਰਿਆਂ ਦਾ ਸੁੱਖ ਤਾਂ ਬਥੇਰਾ ਸੀ ਬਾਪੂ ਜਿਹਾ ਸਾਥ ਕੋਈ ਨਾ। ਹਰਿੰਦਰ ਕੌਰ ਮੁੰਡੀ ਦੀ ਕਵਿਤਾ - ਬਾਪ ਹੈ ਤਾਂ ਹਾਸੇ ਖੇੜੇ ਨੇ, ਅਮਰੀਕ ਸਿੰਘ ਦੀ ਕਵਿਤਾ - ਯੇਹ ਮੈਂ ਕੈਸੇ ਭੂਲ ਗਯਾ, ਹਰਕੰਵਲ ਕੌਰ ਧਾਲ਼ੀਵਾਲ਼ ਦੀ ਕਵਿਤਾ - ਥਾਂ ਪਿਤਾ ਦੀ ਕੋਈ ਨਹੀਂ ਲੈ ਸਕਦਾ ਅਤੇ ਚਰਨਦੀਪ ਕੌਰ ਦੀ ਕਵਿਤਾ - ਮੇਰਾ ਬਾਪੂ ਰੱਬ ਵਾਂਗੂੰ ਬੇ-ਹਿਸਾਬ ਦੇਂਦਾ ਏ - ਨੇ ਪਿਤਾ ਦਿਵਸ ਦਾ ਰੰਗ ਹੋਰ ਗੂੜ੍ਹਾ ਕਰ ਦਿੱਤਾ।

ਗੁਰਜੀਤ ਕੌਰ ਬਾਵੇਜਾ ਨੇ ਕਵਿਤਾ ਰਾਹੀਂ ਚੰਗੀ ਮੱਤ ਪਰੋਸੀ - ਜੇ ਖ਼ੁਸ਼ ਰੱਖਣੈਂ ਨੂੰਹ ਨੂੰ ਤਾਂ ਚੇਪੀ ਲਾ ਲੈ ਮੂੰਹ ਨੂੰ। ਇਕ ਕਵਿਤਾ ਮੋਹਨ ਸਿੰਘ ਪਪਰਾਲਾ ਨੇ ਸੁਣਾਈ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਸਭ ਦਾ ਧੰਨਵਾਦ ਕੀਤਾ ਅਤੇ ਸੂਚਨਾ ਦਿੱਤੀ ਕਿ ਅਗਲੀ ਮੀਟਿੰਗ 9 ਜੁਲਾਈ ਨੂੰ ਪ੍ਰੇਰੀਵਿੰਡ ਪਾਰਕ ਵਿੱਚ ਹੋਵੇਗੀ।

# ਰੇਗਨ ਫ਼ਸਟ ਰਾਈਡਰ 2026 ਕੈਲਗਰੀ ਸਟੈਂਪੀਡ ਫ਼ਸਟ ਨੇਸ਼ਨਜ਼ ਪ੍ਰਿੰਸੈਸ ਬਣੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਟੈਂਪੀਡ ਨਾਂ ਦੇ ਮੇਲੇ ਨੂੰ ਧਰਤੀ ਉਪਰ ਇਸ ਕਿਸਮ ਦਾ ਸਭ ਤੋਂ ਵੱਡਾ(The Greatest Outdoor Show on Earth) ਮੇਲਾ ਮੰਨਿਆਂ ਗਿਆ ਹੈ। ਇਹ ਬੋਅ ਅਤੇ ਐਲਬੋਅ ਦਰਿਆਵਾਂ ਦੇ ਸੰਗਮ ਵਿੱਚਕਾਰਲੇ ਖੁੱਲ੍ਹੇ ਮੈਦਾਨ ਵਿੱਚ ਮਨਾਇਆ ਜਾਂਦਾ ਹੈ। ਇਸ ਇਤਿਹਾਸਕ ਸਥਾਨ ਉਪਰ ਇੱਥੋਂ ਦੇ ਮੂਲਨਿਵਾਸੀ ਕਬੀਲੇ ਗਰਮੀਆਂ ਦੀ ਰੁੱਤੇ ਇਕੱਠੇ ਹੁੰਦੇ ਸਨ, ਆਪਣੇ ਮਸਲੇ ਵਿਚਾਰਦੇ ਸਨ, ਪ੍ਰੰਪਰਿਕ ਤਿਉਹਾਰ ਤੇ ਉਤਸਵ (Pow Wow) ਮਨਾਉਂਦੇ ਸਨ, ਰਵਾਇਤੀ ਖੇਡਾਂ ਦੇ ਮੁਕਾਬਲੇ ਕਰਵਾਉਂਦੇ ਸਨ, ਢੋਲ ਵਜਾਉਂਦੇ, ਗਾਣੇ ਗਾਉਂਦੇ ਅਤੇ ਨੱਚ ਧਮਾਲਾਂ ਪਾਉਂਦੇ ਹੁੰਦੇ ਸਨ। ਹੁਣ ਵੀ ਹਰ ਸਾਲ ਸਟੈਂਪੀਡ ਮੌਕੇ ਇੱਥੇ ਐਲਬੋਅ ਦਰਿਆ ਦੇ ਦੂਜੇ ਪਾਸੇ ਸਾਰੇ ਫ਼ਸਟ ਨੇਸ਼ਨ ਆਪੋ ਆਪਣੀਆਂ ਟੀਪੀਆਂ (ਰਵਾਇਤੀ ਘਰ - ਟੱਪਰੀਆਂ) ਖੜ੍ਹੀਆਂ ਕਰਦੇ ਹਨ, ਹਰ ਰੋਜ਼ ਕਈ ਕਿਸਮ ਦੇ ਪ੍ਰੋਗਰਾਮ ਰਚਾਉਂਦੇ ਹਨ, ਆਪਣੀ ਸ਼ਿਲਪ-ਕਲਾ, ਦਸਤਕਾਰੀ ਅਤੇ ਹੋਰ ਰਵਾਇਤੀ ਵਸਤੂਆਂ ਦੇ ਸਟਾਲ ਲਾਉਂਦੇ ਹਨ ਅਤੇ ਪੁਰਾਤਨ ਜੀਵਨ-ਢੰਗ ਅਤੇ ਕਾਰ-ਵਿਹਾਰ ਦੇ ਨਮੂਨੇ ਪੈਸ਼ ਕਰਦੇ ਹਨ। ਹਰ ਰੋਜ਼ ਸ਼ਾਮ ਨੂੰ ਵੱਖੋ-ਵੱਖ ਕਬੀਲਿਆਂ ਅਤੇ ਨੇਸ਼ਨਾਂ ਦੇ ਚੋਟੀ ਦੇ ਢੋਲੀ (Drummer), ਗਾਇਕ ਅਤੇ ਨਾਚ-ਕਲਾਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਇਸ ਸਾਲ ਸਟੈਂਪੀਡ 2026 ਦਾ ਸਮਾਂ 3 ਜੁਲਾਈ ਤੋਂ 12 ਜੁਲਾਈ ਤੱਕ ਹੈ। ਹਰ ਸਾਲ ਕਿਸੇ ਮੂਲਨਿਵਾਸੀ ਹੋਣਹਾਰ ਪ੍ਰਤਿਭਾਵਾਨ ਲੜਕੀ ਨੂੰ ਸਟੈਂਪੀਡ ਪ੍ਰਿੰਸੈਸ ਦੀ ਉਪਾਧੀ ਦਿੱਤੀ ਜਾਂਦੀ ਹੈ। ਇਸ ਵਾਰ 'ਦ ਕੈਲਗਰੀ ਸਟੈਂਪੀਡ' ਵੱਲੋਂ 20 ਸਾਲਾ ਯੁਵਤੀ ਰੇਗਨ ਫ਼ਸਟ ਰਾਈਡਰ ਨੂੰ 2026 ਕੈਲਗਰੀ ਸਟੈਂਪੀਡ ਫ਼ਸਟ ਨੇਸ਼ਨਜ਼ ਪ੍ਰਿੰਸੈਸ ਐਲਾਨਿਆਂ



ਗਿਆ ਹੈ। ਰੇਗਨ ਕਾਇਨਾਇ ਫ਼ਸਟ ਨੇਸ਼ਨ (Blood Tribe) ਦੀ ਲੜਕੀ ਹੈ ਤੇ ਉਸ ਦਾ ਬਲੈਕਫੁੱਟ ਨਾਂ ਇਸਪੀਤਾਪੋਈ ਹੈ ਜਿਸ ਦਾ ਅਰਥ ਬਣਦਾ ਹੈ ਲੰਮਾਂ ਖੜੋਤਾ` (Standing Tall)। ਉਹ ਕਾਇਨਾਇ ਬੋਰਡ ਆਫ ਐਜੂਕੇਸ਼ਨ ਵਿੱਚ ਸਿੱਖਿਆ ਸਹਾਇਕ ਵੱਜੋਂ ਕੰਮ ਕਰ ਰਹੀ ਹੈ ਅਤੇ ਆਪਣੇ ਕਬੀਲੇ ਦੇ ਯੁਵਕਾਂ ਨੂੰ ਸਿੱਖਿਅਤ ਕਰਨ ਖਾਤਰ ਅਧਿਆਪਕ ਬਣਨਾ ਚਾਹੁੰਦੀ ਹੈ। ਰੇਗਨ ਸੱਤ ਸਾਲ ਦੀ ਉਮਰ ਤੋਂ ਹੀ ਪ੍ਰੰਪਰਿਕ ਨਾਚ ਨਚਦੀ ਆ ਰਹੀ ਹੈ। ਉਹ ਆਪਣੇ ਸਭਿਆਚਾਰ (Culture), ਰਿਸ਼ਤਿਆਂ ਅਤੇ ਉਪਚਾਰ (Healing) ਦੇ ਸ਼ਕਤੀਸ਼ਾਲੀ ਮਾਧਿਅਮ ਵੱਜੋਂ ਛਣਕਾਟਾ-ਨਾਚ (Jingle Dance) ਕਰਦੀ ਹੈ ਤੇ ਇਸ ਵਿੱਚ ਚੋਟੀ ਦੀ ਮਾਹਿਰ ਹੈ। ਹੁਣ ਤੱਕ ਰੇਗਨ ਨੂੰ ਏਨੀ ਛੋਟੀ ਉਮਰ ਵਿੱਚ ਮਿਸ ਬਲੈਕਫੁੱਟ ਕੈਨੇਡਾ 2022, ਕਾਇਨਾਇ ਹਾਈ ਸਕੂਲ ਪ੍ਰਿੰਸੈਸ 2023 ਅਤੇ ਮਿਸ ਕਾਇਨਾਇ ਸੀਨੀਅਰ ਪ੍ਰਿੰਸੈਸ ਦੀਆਂ ਉਪਾਧੀਆਂ ਮਿਲ ਚੁੱਕੀਆਂ ਹਨ। ਰੇਗਨ ਸਿਸਟਰਜ਼ ਇਨ ਸਪਿਰਿਟ ਕਮੇਟੀ ਦੀ ਸਰਗਰਮ ਮੈਂਬਰ ਹੈ। ਕੈਲਗਰੀ ਸਟੈਂਪੀਡ ਰਾਇਲਟੀ ਪ੍ਰੋਗਰਾਮ ਤਹਿਤ ਰੇਗਨ ਅਨੇਕਾਂ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਥਾਨਾਂ 'ਤੇ ਟਰੀਟੀ-7 ਨਾਲ਼ ਸੰਬੰਧਤ ਕਬੀਲਿਆਂ ਦੇ ਲੋਕਾਂ ਦੀ ਜਾਨਦਾਰ ਤੇ ਸ਼ਾਨਦਾਰ ਕਲਚਰ ਦਾ ਪ੍ਰਚਾਰ ਕਰੇਗੀ। ਉਹ ਦੁਨੀਆਂ ਭਰ ਤੋਂ ਕੈਲਗਰੀ ਸਟੈਂਪੀਡ ਵਿੱਚ ਆਉਣ ਵਾਲ਼ੇ ਸੈਲਾਨੀਆਂ ਦਾ ਰਸਮੀ ਤੌਰ 'ਤੇ ਸਵਾਗਤ ਕਰੇਗੀ। ਅਦਾਰਾ ਪੰਜਾਬੀ ਅਖ਼ਬਾਰ, ਰੇਡੀਉ ਰੈੱਡ ਐਫ ਐਮ ਅਤੇ ਪੰਜਾਬੀ ਭਾਈਚਾਰੇ ਵੱਲੋਂ ਜਗਦੇਵ ਸਿੱਧੂ ਨੇ ਨੈਸ਼ਨਲ ਇੰਡੀਜਨਸ ਡੇ ਮੌਕੇ ਸੰਗਮ 'ਤੇ ਹੋਏ ਸਮਾਗਮ ਸਮੇਂ ਰੇਗਨ ਨੂੰ ਮਿਲ ਕੇ ਵਧਾਈ ਦਿੱਤੀ। ਰੇਗਨ ਨੇ ਵਧਾਈ ਕਬੂਲ ਕਰਦਿਆਂ ਉਸ ਨੂੰ ਆਪਣੇ ਦਸਤਖਤ ਵਾਲ਼ਾ ਦਸਤਾਵੇਜ਼ ਸੌਂਪਿਆ।



# ਬਜ਼ੁਰਗਾਂ ਦੀ ਸਿਹਤਮੰਦ ਉਮਰ ਸਬੰਧੀ ਗਲੋਬਲ ਪ੍ਰਵਾਸੀ ਸੀਨੀਅਰਜ਼ ਸੋਸਾਇਟੀ ਨੇ ਸੈਮੀਨਾਰ ਕਰਵਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਲੋਬਲ ਪ੍ਰਵਾਸੀ ਸੀਨੀਅਰਜ਼ ਸੋਸਾਇਟੀ ਨੇ 24 ਜੂਨ 2026 ਨੂੰ ਸਮਾਜਿਕ ਭਾਗੀਦਾਰੀ ਅਤੇ ਸਿਹਤਮੰਦ ਉਮਰ 'ਤੇ ਇੱਕ ਸੈਮੀਨਾਰ ਕਰਵਾਇਆ। ਸੈਮੀਨਾਰ ਦਾ ਮੁੱਖ ਉਦੇਸ਼ ਉਨ੍ਹਾਂ ਕਾਰਕਾਂ ਨੂੰ ਸੰਬੋਧਿਤ ਕਰਨਾ ਸੀ ਜੋ ਬਜ਼ੁਰਗਾਂ ਵਿੱਚ ਇਕਸਾਰਤਾ, ਬੋਰੀਅਤ ਅਤੇ ਇਕੱਲਤਾ ਵੱਲ ਲੈ ਜਾਂਦੇ ਹਨ। ਸੋਸਾਇਟੀ ਦੇ ਪ੍ਰਧਾਨ, ਸਤਪਾਲ ਕੌਸ਼ਲ, ਨੇ ਭਾਗੀਦਾਰਾਂ ਦਾ ਸਵਾਗਤ ਕੀਤਾ ਅਤੇ ਸੀਨੀਅਰਾਂ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਫਰਕ ਲਿਆਉਣ ਲਈ ਸੁਸਾਇਟੀ ਦੁਆਰਾ ਕੀਤੇ ਜਾ ਰਹੇ ਕਈ ਪ੍ਰੋਗਰਾਮਾਂ 'ਤੇ ਸੰਖੇਪ ਵਿੱਚ ਚਾਨਣਾ ਪਾਇਆ। ਇਸ ਸੈਮੀਨਾਰ ਤੋਂ ਪਹਿਲਾਂ, ਸੋਸਾਇਟੀ ਨੇ 20 ਤੋਂ 22 ਜੂਨ 2026 ਤੱਕ ਤਿੰਨ ਵਰਕਸ਼ਾਪਾਂ ਆਯੋਜਿਤ ਕੀਤੀਆਂ, ਜਿਸ ਵਿੱਚ ਸੀਨੀਅਰਾਂ ਦੀ ਮਾਨਸਿਕ ਸ਼ਕਤੀਆਂ ਦੀ ਕਸਰਤ ਕਰਨ ਅਤੇ ਹੱਥ-ਅੱਖ ਦੇ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ ਸ਼ਤਰੰਜ, ਕੈਰਮ, ਪੋਕਰ ਅਤੇ ਸੁਡੋਕੁ ਵਰਗੀਆਂ ਇਨਡੋਰ ਖੇਡਾਂ ਦਾ ਆਯੋਜਨ ਕੀਤਾ ਗਿਆ। ਭਾਗੀਦਾਰਾਂ ਨੂੰ ਆਪਣੇ ਸੰਬੋਧਨ ਵਿੱਚ, ਬਿੱਕਰ ਸੰਧੂ ਨੇ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਦੇ ਹੋਰ ਲੋਕਾਂ ਨਾਲ ਸਕਾਰਾਤਮਕ ਗੱਲਬਾਤ 'ਤੇ ਜ਼ੋਰ ਦਿੱਤਾ। ਮਜ਼ਬੂਤ ਰਿਸ਼ਤੇ ਅਤੇ ਏਕਤਾ ਦੀ ਭਾਵਨਾ ਦਿਲ ਦੀ ਬਿਮਾਰੀ, ਸਟ੍ਰੋਕ, ਡਿਮੈਂਸ਼ੀਆ ਅਤੇ ਡਿਪਰੈਸ਼ਨ ਦੇ ਜੋਖਮ ਨੂੰ ਘਟਾਉਂਦੀ ਹੈ। ਉਨ੍ਹਾਂ ਸਰੋਤਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ ਜੋ ਬਜ਼ੁਰਗਾਂ ਵਿੱਚ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਦੇ ਹਨ। ਆਪਣੇ ਜੀਵਨ ਦੇ ਤਜ਼ਰਬਿਆਂ ਤੋਂ ਸਾਂਝਾ ਕਰਦੇ ਹੋਏ। ਉਸਨੇ ਅੱਗੇ ਦੱਸਿਆ ਕਿ ਘੱਟ ਆਮਦਨ ਵਾਲੇ ਬਜ਼ੁਰਗਾਂ ਵਿੱਚ ਅਪੰਗਤਾ ਹੋਣ ਅਤੇ ਘੱਟ ਉਮਰ ਵਿੱਚ ਮਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ, ਉਨ੍ਹਾਂ ਨੇ ਬੈਂਕ ਦੇ ਮੈਨੇਜਰ ਨੂੰ ਸੱਦਾ ਦਿੱਤਾ। ਬੈਂਕ ਮੈਨੇਜਰ ਨੇ ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਕਿ ਸਭ ਤੋਂ ਵਧੀਆ ਬਜ਼ੁਰਗ ਆਪਣੇ ਫੰਡਾਂ ਦਾ ਪ੍ਰਬੰਧਨ ਕਿਵੇਂ ਕਰ ਸਕਦੇ ਹਨ ਅਤੇ ਵਿੱਤੀ ਧੋਖਾਧੜੀ ਤੋਂ ਕਿਵੇਂ ਬਚ ਸਕਦੇ ਹਨ।ਪ੍ਰੇਮ ਭੰਡਾਰੀ ਨੇ ਕਿਹਾ ਕਿ ਮਨੁੱਖ ਸਾਡੀ ਜ਼ਿੰਦਗੀ ਵਿੱਚ ਚਿੰਤਾ ਤੋਂ ਨਹੀਂ ਬਚ ਸਕਦਾ। ਤਣਾਅ ਦਾ ਲੰਬੇ ਸਮੇਂ ਤੱਕ ਅਤੇ ਬੇਕਾਬੂ ਤੱਤ ਜਲਦੀ ਬੁਢਾਪੇ ਵੱਲ ਲੈ ਜਾਂਦਾ ਹੈ। ਇਹ ਸਾਡੇ ਦਿਮਾਗੀ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ, ਲਾਗ ਨੂੰ ਵਧਾਉਂਦਾ ਹੈ ਅਤੇ ਸਾਡੇ ਸਰੀਰ ਦੇ ਸਿਹਤਮੰਦ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਆਪਣੇ ਸਮਾਪਤੀ ਭਾਸ਼ਣ ਵਿੱਚ, ਸੁਸਾਇਟੀ ਦੇ ਸਕੱਤਰ ਨੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ




# ਚੈਸਟਰਮੀਅਰ ਪੰਜਾਬੀ ਬਜ਼ੁਰਗ(ਸੀਨੀਅਰਜ਼) ਸੁਸਾਇਟੀ ਦੀ ਚੋਣ ਦੌਰਾਨ ਜਨਕ ਸਿੰਘ ਖੁਰਮੀ ਪ੍ਰਧਾਨ ਚੁਣੇ ਗਏ

ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ) ਚੈਸਟਰਮੀਅਰ ਪੰਜਾਬੀ ਬਜ਼ੁਰਗ(ਸੀਨੀਅਰਜ਼) ਸੁਸਾਇਟੀ, ਚੈਸਟਰਮੀਅਰ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ ਮਿਤੀ 24 ਜੂਨ 2026 ਨੂੰ ਰਿਕ ਸੈਂਟਰ ਚੈਸਟਰਮੀਅਰ ਵਿਖੇ ਬਹੁਤ ਹੀ ਸਦਭਾਵਨਾ ਭਰੇ ਮਾਹੌਲ ਵਿੱਚ ਹੋਈ। ਜਿਸ ਵਿੱਚ 50 ਦੇ ਕਰੀਬ ਮੈਂਬਰਾਂ ਅਤੇ ਮਹਿਮਾਨਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਪ੍ਰਧਾਨਗੀ ਡਾਇਰੈਕਟਰ ਗੁਰਮੇਲ ਸਿੰਘ ਗਿੱਲ, ਡਾਇਰੈਕਟਰ ਹਰਦੀਪ ਸਿੰਘ ਗਰੇਵਾਲ ਅਤੇ ਡਾਇਰੈਕਟਰ ਤੇਜਿੰਦਰ ਸਿੰਘ ਧਨੋਆ ਨੇ ਕੀਤੀ। ਸ੍ਰ: ਜਨਕ ਸਿੰਘ ਖੁਰਮੀ ਨੇ ਸਾਲਾਨਾ ਰਿਪੋਰਟ ਪੜ੍ਹੀ ਅਤੇ ਪਿਛਲੇ ਸਾਲ ਦੇ ਆਮਦਨ ਖ਼ਰਚੇ ਦਾ ਹਿਸਾਬ ਪੇਸ਼ ਕੀਤਾ। ਚੋਣ ਅਬਜਰਵਰ ਸ੍ਰ: ਇੰਦਰਜੀਤ ਸਿੰਘ ਰੱਖੜਾ ਦੀ ਦੇਖ ਰੇਖ ਹੇਠ ਸਾਰੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਜੋ ਵੀ ਮੈਂਬਰ ਕਿਸੇ ਵੀ ਅਹੁਦੇ ਲਈ ਆਪਣਾ ਨਾਮ ਪੇਸ਼ ਕਰਨਾ ਚਾਹੁੰਦਾ ਹੋਵੇ, ਉਹ ਕਰ ਸਕਦਾ ਹੈ। ਸ੍ਰ: ਜਗਜੀਤ ਸਿੰਘ ਗਰੇਵਾਲ ਨੇ ਖੜ੍ਹਾ ਹੋ ਕੇ ਜਨਕ ਸਿੰਘ ਖੁਰਮੀ ਦਾ ਨਾਮ ਪੇਸ਼ ਕੀਤਾ ਜਿਸ ਤੇ ਸਾਰੇ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਸਰਬਸੰਮਤੀ ਨਾਲ ਆਪਣੀ ਸਹਿਮਤੀ ਦਿੱਤੀ। ਉਪਰੰਤ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਇਸ ਪ੍ਰਕਾਰ ਹੋਈ, ਜਿਸ ਵਿੱਚ ਵਿੱਚ ਜਨਕ ਸਿੰਘ ਖੁਰਮੀ ਪ੍ਰਧਾਨ, ਹਰਪਾਲ ਸਿੰਘ ਧਾਲੀਵਾਲ ਵਾਈਸ ਪ੍ਰਧਾਨ, ਗੁਰਮੀਤ ਸਿੰਘ ਗਿੱਲ ਸਕੱਤਰ, ਗੁਰਰਾਜ ਸਿੰਘ ਵਿਰਕ ਜੋਇੰਟ ਸਕੱਤਰ, ਆਤਮਾ ਸਿੰਘ ਗਿੱਲ ਖਜ਼ਾਨਚੀ ਅਤੇ ਤਰਲੋਚਨ ਸਿੰਘ ਰਾਏ ਜੋਇੰਟ ਖਜ਼ਾਨਚੀ।ਲੋਕਲ ਐਮ ਐਲ ਏ ਸ਼ੈਨਟਲ ਡੀ ਯੌਂਗ ਆਪਣੀ ਨਿੱਜੀ ਸਹਾਇਕ ਆਤੀਆ ਆਸਨਾ ਸਮੇਤ ਸਮਾਗਮ ਵਿੱਚ ਸ਼ਾਮਿਲ ਹੋਏ। ਉਹਨਾਂ ਨੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਸੁਸਾਇਟੀ ਨੂੰ ਆਪਣਾ ਸਹਿਯੋਗ ਦਿੰਦੇ ਰਹਿਣ ਦਾ ਭਰੋਸਾ ਦਿੱਤਾ। ਸ੍ਰ: ਸੁਖਦੇਵ ਸਿੰਘ ਭੂਰਾਕੋਨਾ, ਸਾਬਕਾ ਸ਼੍ਰੋਮਣੀ ਕਮੇਟੀ ਸਕੱਤਰ ਨੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਮੈਡਮ ਪਰਵਿੰਦਰ ਕੌਰ, ਗੁਰਭੇਜ ਸਿੰਘ ਅਤੇ ਗੁਰਰਾਜ ਸਿੰਘ ਵਿਰਕ ਨੇ ਕਵਿਤਾਵਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਪ੍ਰਬੰਧਕੀ ਕਮੇਟੀ ਮੈਂਬਰਾਂ ਆਤਮਾ ਸਿੰਘ ਗਿੱਲ, ਰਸ਼ਪਾਲ ਸਿੰਘ ਗਿੱਲ ਅਤੇ ਕੁਲਦੀਪ ਸਿੰਘ ਗਿੱਲ ਵੱਲੋਂ ਕੀਤੇ ਗਏ ਪ੍ਰਬੰਧ ਸ਼ਲਾਘਾਯੋਗ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰ: ਗੁਰਰਾਜ ਸਿੰਘ ਵਿਰਕ ਨੇ ਬਾਖੂਬੀ ਨਿਭਾਈ।













# ਕੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ ?



**ਗੁਰਮੀਤ ਸਿੰਘ ਪਲਾਹੀ**
**9815802070**




ਦੇਸ਼ ਵਿੱਚ ਐਮਰਜੈਂਸੀ ਦੀ 51ਵੀਂ ਵਰ੍ਹੇ ਗੰਢ ਦੇ ਮੌਕੇ ’ਤੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ ’ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ ’ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ ?

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਇੱਕ ਅਜਿਹੀ ਲਹਿਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਵਿੱਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ ਸਿੱਧੀ ਦਾ ਨਤੀਜਾ ਨਹੀਂ ਹੈ ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿੱਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ।

ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਪ੍ਰੈੱਸ ’ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਸਭ ਤੋਂ ਵੱਡੇ ਪੱਧਰ ’ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ,ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਹਨਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ ’ਚ ਰੋਲ ਕੇ ਰੱਖ ਦਿੱਤਾ ਹੈ !

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ ਜਿਨ੍ਹਾਂ ’ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ: ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ (ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ ‘ਅਨੰਦਪੁਰ ਸਾਹਿਬ ਦਾ ਮਤਾ’ ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਇਹ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿੱਚ ਇਨ੍ਹਾਂ ਮੁਦਿਆਂ ’ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ ’ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਅੱਜ ਅਕਾਲੀ ਦਲ ਕੀ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਹੀ ਹੈ ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ ‘ਤੇ ਹਾਸ਼ੀਏ ‘ਤੇ ਹੈ, ਤਾਂ ਇਸ ‘ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ‘ਪੰਥ ਦੋਖੀ’ ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿੱਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ ਤਾਂ ਜੋ ਮੌਜੂਦਾ ‘ਆਪ’ ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿੱਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤਰੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ ?

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿੱਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅੱਜ ਦੀ ਰਾਜਨੀਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਨੇਤਾ ਲੋਕ ਆਪਣੀ ਨੈਤਿਕਤਾ ਪੂਰੀ ਤਰ੍ਹਾਂ ਗੁਆ ਚੁੱਕੇ ਹਨ। ਅਸਲ ਮਾਇਨਿਆਂ ਵਿੱਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿੱਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਪਰ ਹੁਣ ਸਮਾਂ ਬਿਲਕੁਲ ਬਦਲ ਚੁੱਕਾ ਹੈ। ਅੱਜ ਸਿਧਾਂਤ ਅਤੇ ਵਫ਼ਾਦਾਰੀ ਮਹਿਜ਼ ਕਿਤਾਬੀ ਗੱਲਾਂ ਰਹਿ ਗਈਆਂ ਹਨ। ਅਕਾਲੀ ਦਲ ਵੀ ਇਸ ਦੁਖਾਂਤ ਦਾ ਸ਼ਿਕਾਰ ਹੈ !

ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿੱਚ ਅੱਜ ‘ਆਇਆ ਰਾਮ, ਗਿਆ ਰਾਮ’ ਦੀ ਇਹ ਸਿਆਸਤ ਸਿਖਰਾਂ ’ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿੱਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ ਤੋਂ ਭਰੋਸਾ ਹੀ ਉਠਾ ਦਿੱਤਾ ਹੈ, ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ ਤੋਂ ਅਛੂਤਾ ਨਹੀਂ ਰਿਹਾ।

ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ ‘ਤੇ ਚਲੇ ਗਏ ਹਨ। ਅੱਜ ਪੰਜਾਬ ਵਿੱਚ ਬੇਰੋਜ਼ਗਾਰੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਹੋਈ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਰੋਜ਼ਾਨਾ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਅੱਜ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪਸਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿੱਚ ਹੈ ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿੱਚ ‘ਸਾਮ, ਦਾਮ, ਦੰਡ, ਭੇਦ’ ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿੱਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿੱਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜ਼ਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਬੜੇ ਲੰਮੇ ਸਮੇਂ ਤੋਂ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼-ਪੰਜਾਬ ਨੇ ਹਮੇਸਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ ਜੋ ਬਿਨਾਂ ਕਿਸੇ ਡਰ ਦੇ ‘ਪੰਜਾਬ, ਪੰਜਾਬੀ ਅਤੇ ਪੰਜਾਬੀਅਤ’ ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਇੱਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ ਜੋ ਪੰਜਾਬ ਖੇਤਰ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਅੱਜ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿੱਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚਹਿਰੀ ਵਿੱਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਦੇ ਖੇਤਰ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ ’ਤੇ ਬਹੁਤ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ ’ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿੱਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ ? ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸਾਂ ਤੋਂ ਉੱਪਰ ਉੱਠ ਕੇ, ਚੋਣਾਂ ਦੇ ਮੌਜੂਦਾ ਦੌਰ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ “ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜਗਾਰ ਅਤੇ ਅਨੰਦਪੁਰ ਸਾਹਿਬ ਦੇ ਮਤੇ” ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿੱਚ ਨਿੱਤਰਨਾ ਪਵੇਗਾ। ਜੇਕਰ ਲੀਡਰਸ਼ਿਪ ਹੁਣ ਵੀ ਨਾ ਸੰਭਲੀ, ਨੈਤਿਕਤਾ ਨੂੰ ਵਿਸਾਰ ਕੇ ਸਿਰਫ ਕੁਰਸੀ ਪਿੱਛੇ ਭੱਜਦੀ ਰਹੀ ਅਤੇ ਧਾਰਮਿਕ ਆੜ ਹੇਠ ਨਕਾਰਾਤਮਕ ਸਿਆਸਤ ਕਰਦੀ ਰਹੀ, ਤਾਂ ਪੰਜਾਬੀ ਲੋਕ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੂੰ ਕਦੇ ਮੁਆਫ਼ ਨਹੀਂ ਕਰਨਗੇ।

ਪੰਜਾਬੀ ਅਖ਼ਬਾਰ ਆਪ
ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ
ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਮੋਂਟੇਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੇ 7 ਮੈਂਬਰਾਂ ਦੇ ਜਨਮ ਦਿਨ ਮਨਾਏ ਗਏ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਮੋਂਟੇਰੀ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੀ ਜੂਨ ਮਹੀਨੇ ਦੀ ਮਹੀਨਾਵਾਰ ਮੀਟਿੰਗ 26 ਜੂਨ ਨੂੰ ਮੋਂਟੇਰੀ ਪਾਰਕ ਹਾਲ ਵਿੱਚ ਹੋਈ, ਜਿਸ ਵਿੱਚ ਤਕਰੀਬਨ 65 ਦੇ ਕਰੀਬ ਸੀਨੀਅਰ ਮੈਂਬਰਾਂ ਨੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਸਾਰਿਆਂ ਨੇ ਖਾਣੇ ਦਾ ਆਨੰਦ ਮਾਣਿਆ । ਮੈਂਬਰਾਂ ਨਾਲ ਕੁੱਝ ਜਰੂਰੀ ਸੂਚਨਾਵਾਂ ਸਾਂਝੀਆਂ ਕਰਨ ਤੋਂ ਬਾਅਦ 7 ਸੀਨੀਅਰ ਮੈਂਬਰਾਂ ਦੇ ਜਨਮ ਦਿਨ ਤੇ ਉਹਨਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ । ਸੁਖਮੰਦਰ ਗਿੱਲ ਨੇ ਇੱਕ ਧਾਰਮਿਕ ਗੀਤ ਨੂੰ ਤਰੰਨਮ ਵਿੱਚ ਪੇਸ਼ ਕਰ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ । ਪਰਿਵੇਸ਼ ਪ੍ਰਹਾਰ ਦੇ ਮੰਚ ਸੰਚਾਲਨ ਅਤੇ ਸਮੇਂ ਅਨੁਸਾਰ ਕੀਤੀ ਗਈ ਚੁਟਕਲੇਬਾਜ਼ੀ ਨੇ ਪ੍ਰੋਗਰਾਮ ਨੂੰ ਹੋਰ ਮਨੋਰੰਜਕ ਬਣਾ ਦਿੱਤਾ। ਰਿਸ਼ੀ ਨਾਗਰ, ਸੋਹਣ ਸਿੰਘ ਭੁੱਚੋ,ਵਿਜੇ ਸਚਦੇਵਾ,ਮੁਨੱਵਰ ਅਹਿਮਦ,ਭਜਨ ਸੱਗੂ,ਸਨੀ ਸਵੈਚ, ਲਲਿਤਾ ਸਿੰਘ,ਦਰਸ਼ਨ ਸਿੰਘ ਧਾਲੀਵਾਲ,ਗੁਰਜੀਤ ਬਵੇਜਾ ਅਤੇ ਸੁਰਜੀਤ-ਸਮਿੰਦਰ ਕੰਬੋਅ ਦੀ ਜੋੜੀ ਨੇ ਆਪਣੀਆ ਆਪਣੀਆ ਕਵਿਤਾਵਾਂ ਗੀਤਾਂ ਰਚਨਾਵਾਂ ਅਤੇ ਵਿਚਾਰਾਂ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ।










# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿੱਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ਼: 403 617 2302 ***300***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

### ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***300***3

### ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ । ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ । ਸੰਪਰਕ:1 403 472 0468 **299*3**

### ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 '33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 -18381, + 91 98724 98252 ***299***3***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80 @GMAIL.COM ***298***3

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

### ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐਂਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

### ਲੜਕੇ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੀ ਡਡਵਾਲ ਪਰਿਵਾਰ ਦੀ ਅੰਮ੍ਰਿਤਧਾਰੀ,ਤਲਾਕਸੁਦਾ (ਕੋਈ ਬੱਚਾ ਨਹੀਂ) ਲੜਕੀ ਜਨਮ 1997, ਸਕਿਨਟੋਨ: ਫੇਅਰ (ਵਾਈਟ), ਕੱਦ 5 ਫੁੱਟ 3 ਇੰਚ, ਬੀਐਸ ਸੀ ਨਰਸਿੰਗ (ਇੰਡੀਆ) ਮੈਡੀਕਲ ਆਫਿਸ ਅਸਿਸਟੈਂਟ ਕੋਰਸ (ਕੈਲਗਰੀ) ਹੈਲਥ ਐਂਡ ਹਿਊਮਨ ਸਰਵਿਸਜ ਮੈਨੇਜਮੈਂਟ ਪੋਸਟ ਡਿਪਲੋਮਾਂ ਸਰਟੀਫਿਕੇਸ਼ਨ (ਕੈਲਗਰੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 587 226 4592 ***298***3

### ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨੀਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: 1 639 382 3055 ***298***3

### ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

### ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ । ਸੰਪਰਕ : 403 890 7020 ***298***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

### ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

### ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 1 825 889 1726 Email: parimnderisngh91726 @gmail.com ***297***3***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

### ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 368 599 7814 **296**3

### ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5' 5" ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ । ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5'5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

### ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

### ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***–***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### Name Change

I, JAGMEET SINGH, Son of KULWANT SINGH, holder of Indian passport No.P 2866108, issued at VANCOUVER, on 08/09/2016, permanent resident of, VILLAGE: RATTA KHERA, BHAI GULAB SINGH, P.O: LOHGARH, TEH & DISTRICT : FEROZEPUR, PIN : 142052, PUNJAB, INDIA presently residing, 233 KINNIBURG BLVD, CHESTERMERE (AB) T1X0M2 CANADA. Do hereby change My name from JAGMEET SINGH to JAGMEET SINGH BRAR with immediate effect.

Date: 23/06/2026 Phone:1 403 322 0045

### Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਸਭ ਦਾ ਸੋਚਣ ਵਾਲੇ

**ਸਨੀ ਸਵੈਚ**

ਜਿੰਨ੍ਹਾ ਮਰਜ਼ੀ ਕਿਸੇ ਦਾ ਕਰ ਲਓ
ਮੇਹਣੇ ਪੱਲ੍ਹੇ ਪੈ ਜਾਂਦੇ
ਸਭ ਦਾ ਸੋਚਣ ਵਾਲੇ ਆਖ਼ਰ ਕੱਲ੍ਹੇ ਰਹਿ ਜਾਂਦੇ

ਖੜ੍ਹਦੇ ਨਾਲ ਚਟਾੱਨ ਵਾਂਗ
ਕਹਿੰਦੇ ਯਾਰ ਜੇਹੜਿਆਂ ਨੂੰ
ਖ਼ੁਸ਼ੀਆਂ ਨਾਲ ਲਦਾਵਣ
ਓਹ ਮਿੱਤਰਾਂ ਦੇ ਬੇੜਿਆਂ ਨੂੰ
ਸੱਜਣਾਂ ਦੇ ਕਰਦੇ ਪਾਰ
ਤੇ ਅਪਣੇ ਠੱਲ੍ਹੇ ਰਹਿ ਜਾਂਦੇ
ਸਭ ਦਾ ਸੋਚਣ ਵਾਲੇ ਆਖ਼ਰ ਕੱਲ੍ਹੇ ਰਹਿ ਜਾਂਦੇ

ਸ਼ੋਖ ਅਦਾਵਾਂ ਨਾਲ ਪਹਿਲਾਂ
ਲੋਕੀਂ ਕਾਇਲ ਕਰ ਦਿੰਦੇ
ਵਕਤ ਟਪਾ ਕੇ ਬਿਨਾਂ ਖੰਜਰ ਤੋਂ
ਘਾਇਲ ਕਰ ਦਿੰਦੇ
ਗਾਇਬ ਦਿਲ 'ਚੋਂ, ਉਂਗਲਾਂ ਤੇ
ਬੱਸ ਛੱਲੇ ਰਹਿ ਜਾਂਦੇ
ਸਭ ਦਾ ਸੋਚਣ ਵਾਲੇ ਆਖ਼ਰ  ਕੱਲ੍ਹੇ ਰਹਿ ਜਾਂਦੇ

ਪੁੱਛ ਪ੍ਰਤੀਤ ਓਦੋਂ ਹੁੰਦੀ
ਜਦ ਹੁੰਦੀਆਂ ਗ਼ਰਜ਼ਾਂ ਨੇ
ਪੈਂਦੀਆਂ ਭੀੜਾਂ , ਲੋੜਾਂ ਓਦੋਂ
ਫੇਰ ਬਣਦੀਆਂ ਮਰਜਾਂ ਨੇ
ਫੇਰ ਝੂਠੀਆਂ ਸਿਫਤਾਂ ਕਰ ਕਰ
ਬੱਲੇ ਬੱਲੇ ਕਹਿ ਜਾਂਦੇ
ਸਭ ਦਾ ਸੋਚਣ ਵਾਲੇ ਆਖ਼ਰ ਕੱਲ੍ਹੇ ਰਹਿ ਜਾਂਦੇ

ਲੋੜ ਪੈਣ ਤੇ ਮੁਲਖ਼ ਲਈ
ਬਾਡਰ ਤੇ ਖੜ੍ਹ ਜਾਂਦੇ
ਅੱਗਿਓਂ ਪਿੱਛਿਓਂ ਬੇ ਕਸੂਰ
ਦਿੱਲੀ ਵਿੱਚ ਸੜ੍ਹ ਜਾਂਦੇ
ਸਾਨੂੰ ਮਿਲ਼ਿਆ ਨਾ ਇਨਸਾਫ
ਜ਼ਖ਼ਮ ਸਾਡੇ ਅੱਲ੍ਹੇ ਰਹਿ ਜਾਂਦੇ
ਸਭ ਦਾ ਸੋਚਣ ਵਾਲੇ ਆਖ਼ਰ ਕੱਲ੍ਹੇ ਰਹਿ ਜਾਂਦੇ

## ਵਹਿਮ ਦਾ ਨਾ ਬਣਿਆ ਇਲਾਜ ਬੇਲੀਓ

ਅੱਖ ਉੱਤੇ ਐਨਕ ਲਵਾ ਕੇ ਦੇਖ ਲਈ
ਗੋਡੇ ਦੀ ਵੀ ਚੱਪਣੀ ਪਵਾ ਕੇ ਦੇਖ ਲਈ
ਜਦੋਂ ਦੀ ਮਸ਼ੀਨ ਹੈ ਲਵਾਈ ਕੰਨਾਂ ਤੇ
'ਕੱਲੀ' ਕੱਲੀ ਸੁਣਦੀ ਆਵਾਜ਼ ਬੇਲੀਓ
ਸਾਇੰਸ ਨੇ ਤਰੱਕੀ ਭਾਵੇਂ ਬਹੁਤ ਕਰ ਲਈ
ਵਹਿਮ ਦਾ ਨਾ ਬਣਿਆ ਇਲਾਜ ਬੇਲੀਓ

ਵਧਿਆ ਜੇ BP ,  ? ਡਾਊਨ ਗੋਲੀ ਕਰਦੀ
Tylenol ਚੱਕੇ ਖੰਘ , ਤਾਪ , ਸਰਦੀ
ਹੁੰਦੀ ਨਹੀਓਂ ਚੰਗੀ ਕੋਈ ਬਿਮਾਰੀ ਚੰਦਰੀ
ਉਮਰਾਂ ਦਾ ਕਰੇ ਨਾ ਲਿਹਾਜ਼ ਬੇਲੀਓ
ਸਾਇੰਸ ਨੇ ਤਰੱਕੀ ਭਾਵੇਂ ਬਹੁਤ ਕਰ ਲਈ
ਵਹਿਮ ਦਾ ਨਾ ਬਣਿਆ ਇਲਾਜ ਬੇਲੀਓ

ਗੁਰਦੇ 'ਚੋ ਪੱਥਰ ਕਢਾਏ ਕਈਆਂ ਨੇ
ਦਿਲ ਵਾਲੇ ਵਾਲ਼ ਬਦਲਾਏ ਕਈਆਂ ਨੇ
ਨਵੀਂ ਦੰਦ ਬੀੜ ਨੇ smile ਬਦਲੀ
ਆਪੇ ਜਾਂਦੇ ਬਦਲ ਮਿਜਾਜ ਬੇਲੀਓ
ਸਾਇੰਸ ਨੇ ਤਰੱਕੀ ਭਾਵੇਂ ਬਹੁਤ ਕਰ ਲਈ
ਵਹਿਮ ਦਾ ਨਾ ਬਣਿਆ ਇਲਾਜ ਬੇਲੀਓ

Sugar ਵਧਾਈ ਭਾਵੇਂ ਬੋਲ ਕੌੜੇ ਨੇ
ਕੀਤਾ ਨਾ ਪ੍ਰੇਜ ਫਿਰ ਦਿਨ ਥੋੜੇ ਨੇ
ਮੁੱਕ ਜਾਣਾ ਜਿੰਦਗੀ ਦਾ ਮੂਲਧਨ , ਨਾਲੇ ਮੁੱਕੂ
ਲਾਜਾਂ ਵਾਲਾ ਛੇਤੀ ਹੀ ਵਿਆਜ ਬੇਲੀਓ
ਸਾਇੰਸ ਨੇ ਤਰੱਕੀ ਭਾਵੇਂ ਬਹੁਤ ਕਰ ਲਈ
ਵਹਿਮ ਦਾ ਨਾ ਬਣਿਆ ਇਲਾਜ ਬੇਲੀਓ

**ਸਨੀ ਸਵੈਚ** 403 903 5601

## ਹਾਏ ਰੱਬਾ ਕਿਉਂ ਮਰਿਆ ਨਹੀਂ

ਸੱਚ ਨੂੰ ਐਸੀ ਲਾਈ ਫਾਂਸੀ
ਝੂਠ ਬਿਨਾ ਕਦੇ ਸਰਿਆ ਨਹੀਂ
ਦੂਸ਼ਿਤ ਜਿਸ ਨੂੰ ਪਾਣੀ ਲੱਗ ਜਾਏ
ਉਹ ਬੂਟਾ ਕਦੇ ਹਰਿਆ ਨਹੀਂ
ਜਿਸ ਦੇ ਪੈਂਦੇ ਮੋਰੀ ਹੋ ਜਾਏ
ਉਹ ਬੇੜਾ ਕਦੇ ਤਰਿਆ ਨਹੀਂ
ਪਾਣੀ ਜਿਸ ਦਾ ਮੁਸ਼ਕਾਂ ਮਾਰੇ
ਨਾਲਾ ਹੈ, ਉਹ ਦਰਿਆ ਨਹੀਂ
ਪੁੱਤਰ ਖਾਤਰ ਮਾਰੇਂ ਪੰਜ ਸੱਤ
ਪਾਪੀ ਹਿਰਦਾ ਡਰਿਆ ਨਹੀਂ
ਜਿਸ ਪੁੱਤਰ ਤੋਂ ਵਾਰੇਂ ਸਭ ਕੁਝ
ਓਸੇ ਪੁੱਤ ਨੇ ਜਰਿਆ ਨਹੀਂ
ਚੱਟੋ ਪਹਿਰ ਤੂੰ ਕੁਫ਼ਰ ਕਮਾਵੇਂ
ਫਿਰ ਵੀ ਗੱਲਾ ਭਰਿਆ ਨਹੀਂ
ਨਾਮ ਖੁਦਾ ਤੋਂ ਲੱਖਾਂ ਵਾਰੇਂ
ਪਰ ਬੰਦੇ ਲਈ ਸਰਿਆ ਨਹੀਂ
ਕਿਸਮਤ ਦਿੱਤੀ ਦੌਲਤ , ਸ਼ੋਹਰਤ
ਲੋਕਾਂ ਲਈ ਕੁਝ ਕਰਿਆ ਨਹੀਂ
ਪਿੱਠ ਮੋੜੀ ਚੁੱਪ ਧਾਰ ਜਤਿੰਦਰ
ਹਾਏ ਰੱਬਾ ਕਿਉਂ ਮਰਿਆ ਨਹੀਂ

ਚੁੱਪ ਕਰਕੇ ਫਿਰ ਲਈਂ ਨਜ਼ਾਰੇ
ਵਿੰਗੇ ਟੇਡੇ ਮੋੜ ਆਉਣਗੇ
ਪੈਰਾਂ ਥੱਲੇ ਰੋੜ ਆਉਣਗੇ
ਧੁੱਪਾਂ ਦੇਖ਼ ਕੇ ਡਰ ਨਾ ਜਾਵੀਂ
ਅੱਗੇ ਜਾ ਕੇ ਬੋਹੜ ਆਉਣਗੇ
ਹਰ ਕੋਈ ਤੇ ਹਮਰਾਜ਼ ਨੀ ਬਣਦਾ
ਰਾਹ ਵਿੱਚ ਲੋਕ ਕਰੋੜ ਆਉਣਗੇ
ਕੁਝ ਦੁੱਖ਼ਾਂ ਵਿੱਚ ਨਾਲ ਖੜਨਗੇ
ਕੁਝ ਪੈ ਗਈ ਜਦ ਲੋੜ ਆਉਣਗੇ
ਕਰਮ ਕਰੀ ਚੱਲ ਤੂੰ ਵੀ ਅਪਣਾ
ਪੈ ਜਾਊ ਵਕਤ ਨਿਚੋੜ ਆਉਣਗੇ
ਜੇਬ ਜਦੋਂ ਤੇਰੀ ਹੋ ਗਈ ਭਾਰੀ
ਭੱਜੇ ਸੀ ਜਿਹੜੇ ਦੌੜ ਆਉਣਗੇ
ਜਾਅਲੀ ਸਿਫਤਾਂ ਨਾਲ ਫੇ ਮੂੰਹ ਤੇ
ਮਾਰਨ ਗੱਪ ਗਪੌੜ ਆਉਣਗੇ
ਚੁੱਪ ਕਰਕੇ ਫਿਰ ਲਈਂ ਨਜ਼ਾਰੇ
ਕਰਦੇ  ਦੇਖੀਂ ਚੌੜ ਆਉਣਗੇ

**ਸਨੀ ਸਵੈਚ** 403 903 5601

## ਕੋਸ਼ਿਸ਼

ਜੇ ਮੈਂ ਥੋੜਾ ਰੁੱਕ ਗਈ ਤਾਂ
ਕਿ ਇਹ ਮੇਰੀ ਹਾਰ ਐ
ਜਾਂ ਫਿਰ ਝੁੱਕ ਗਈ ਰਿਸ਼ਤਿਆਂ ਖ਼ਾਤਰ
ਤਾਂ ਕਿ ਇਹ ਮੇਰੀ ਹਾਰ ਐ
ਨੀਂਦ ਘਟ ਆਉਂਦੀ ਏ
ਕਿ ਇਹ ਮੇਰੀ ਹਾਰ ਐ
ਜਾਂ ਅੱਖ ਭਰ ਆਉਦੀਂ ਏ ਇਹ ਮੇਰੀ ਹਾਰ ਐ
ਆਪਣਿਆਂ ਲਈ ਅਕਸਰ ਆਪਾ ਗਵਾ ਦੇਨੀ ਆ
ਕਿ ਇਹ ਮੇਰੀ ਹਾਰ ਐ
ਕਿ ਮੇਰੀ ਕੋਸ਼ਿਸ਼ ਨੂੰ ਹਾਰ ਮਨ ਲਏਗਾ ਜ਼ਮਾਨਾ
ਕਿ ਨਿਤਾਣਾ ਲਾਚਾਰ ਕਹੋਗੇ
ਦੋ ਘੜੀ ਜੇ ਰੁੱਕ ਗਈ ਤਾਂ
ਲਾਹਨਤ ਕਈ ਹਜ਼ਾਰ ਦਓਗੇ
ਸੁਣਿਐ ਵਾਅਦੇ ਟੁੱਟ ਜਾਂਦੇ ਨੇ ਪਰ ਕੋਸ਼ਿਸ਼ਾਂ ਸਰ ਹੁੰਦੀਆਂ ਨੇ
ਦੀਪ ਕੋਸ਼ਿਸ਼ ਦੇ ਸਦਕੇ ਹੀ ਮੰਜ਼ਿਲਾਂ ਪਾਰ ਹੁੰਦੀਆਂ ਨੇ



**ਪ੍ਰਿੰਸੀਪਲ ਚਰਨਦੀਪ ਕੌਰ ਕੈਲਗਰੀ**
+14033614707

## ਸੁਣ ਲਉ ਕੁੜੀਓ ਮੇਰਾ ਮਾਹੀ

**ਗੁਰਭਜਨ ਗਿੱਲ**

ਸੁਣ ਲਉ ਕੁੜੀਓ ਮੇਰਾ ਮਾਹੀ,
ਆਖਾਂ ਜਿਸਨੂੰ ਢੋਲ ਸਿਪਾਹੀ,
ਰੋਜ਼ ਰਾਤ ਨੂੰ ਦਾਰੂ ਪੀ ਕੇ,
ਆਵੇ ਪੂਰਾ ਰੱਜਿਆ।
ਨੀ ਰਾਹੀਂ ਲੜਦੇ ਦਾ,
ਮੂੰਹ ਪਾਵੇ ਨਾਲ ਵੱਜਿਆ।

ਬਣਿਆ ਫਿਰਦੈ ਬਾਗ ਦਾ ਮਾਲੀ।
ਸੜ ਚੱਲੀ ਵਿਹੜੇ ਦੀ ਡਾਲੀ।
ਪਾਣੀ ਤੋਂ ਬਿਨ ਸੁੱਕੀਆਂ ਵੇਲਾਂ,
ਕਿੰਨਾ ਚਿਰ ਰਹਿੰਦੀ ਹਰਿਆਲੀ।
ਖ਼ੌਰੇ ਕਿਥੇ ਵਰ੍ਹਦੇ ਬੱਦਲ,
ਏਥੇ ਤਾਂ ਬੱਸ ਗੱਜਿਆ।
ਨੀ ਰਾਤੀਂ ਲੜਦੇ ਦਾ,
ਮੂੰਹ ਪਾਵੇ ਨਾਲ ਵੱਜਿਆ।

ਕੰਮ ਕਾਰ ਨੂੰ ਹੱਥ ਨਾ ਲਾਵੇ।
ਵਿਹਲਾ ਬੈਠਾ ਰੋਅਬ ਜਮਾਵੇ।
ਜੇ ਕਿਧਰੇ ਮੈਂ ਬੋਲ ਪਵਾਂ ਤਾਂ,
ਸਿੱਧਾ ਮੇਰੇ ਸਿਰ ਨੂੰ ਆਵੇ।
ਇਹੋ ਜਹੇ ਨੂੰ ਕੀ ਆਖਾਂ
ਜਿਸ ਘੋਲ ਕੇ ਪੀ ਲਈ ਲੱਜਿਆ।
ਨੀ ਰਾਹੀਂ ਲੜਦੇ ਦਾ,
ਮੂੰਹ ਪਾਵੇ ਨਾਲ ਵੱਜਿਆ।

ਮੇਰੇ ਤਨ ਤੇ ਪਾਟੀਆਂ ਲੀਰਾਂ।
ਘਰ ਵਿਚ ਤੰਗੀ ਹਾਲ ਫ਼ਕੀਰਾਂ।
ਦਿਲ ਦਾ ਹਾਲ ਸੁਣਾਵਾਂ ਕਿਸ ਨੂੰ,
ਵਿੰਨਿਆ ਮੈਨੂੰ ਇਸ ਦੇ ਤੀਰਾਂ।
ਇਹ ਵੀ ਦੋਸ਼ ਦਿਆਂ ਮੈਂ ਖ਼ੁਦ ਨੂੰ,
ਜਿਹੜਾ ਇਸਨੂੰ ਕੱਜਿਆ।
ਨੀ ਰਾਤੀਂ ਲੜਦੇ ਦਾ,
ਮੂੰਹ ਪਾਵੇ ਨਾਲ ਵੱਜਿਆ।

ਫਿਰਨ ਵਿਲਕਦੇ ਬਾਲ ਨਿਆਣੇ।
ਕਿੱਦਾਂ ਪਲਦੇ ਇਹ ਕੀ ਜਾਣੇ ?
ਖ਼ੌਰੇ ਕਿਸ ਦੁਨੀਆਂ ਵਿਚ ਰਹਿੰਦੈ,
ਇਹਦੀਆਂ ਬਾਤਾਂ ਇਹ ਹੀ ਜਾਣੇ।
ਵੇਖ ਸ਼ਰਾਬੀ ਟੋਲਾ ਜਾਵੇ,
ਵਾਹੋ ਦਾਹੀ ਭੱਜਿਆ।
ਨੀ ਰਾਤੀਂ ਲੜਦੇ ਦਾ,
ਮੂੰਹ ਪਾਵੇ ਨਾਲ ਵੱਜਿਆ।

### ਤੇਰੇ ਬਿਨ

ਜਦ ਧਰਤੀ ਹਾਉਕਾ ਭਰਦੀ ਹੈ,
ਮੋਇਆਂ ਨੂੰ ਚੇਤੇ ਕਰਦੀ ਹੈ ।
ਅੱਖੀਆਂ ਦੇ ਤਲਖ਼ ਸਮੁੰਦਰ 'ਚੋਂ,
ਹੰਝੂਆਂ ਦੀ ਬਾਰਸ਼ ਵਰ੍ਹਦੀ ਹੈ ।

ਕਿਸੇ ਬੇਬਸ ਕੈਦ ਪਰਿੰਦੇ ਦੀ,
ਪਰਵਾਜ਼ ਜਦੋਂ ਵੀ ਮਰਦੀ ਹੈ ।
ਮੈਂ ਉਸ ਦੇ ਦਰਦ ਨੂੰ ਸੁਰ ਕਰ ਲਾਂ,
ਇਹ ਹੀ ਕਵਿਤਾ ਦੀ ਹੂਕ ਬਣੇ।

ਜਿੰਨ੍ਹਾਂ ਦੇ ਦਿਲ ਵਿਚ ਵਣਜ ਬਿਨਾਂ,
ਕੋਈ ਸੁਪਨਾ ਹੀ ਨਾ ਪੈਰ ਧਰੇ ।
ਜ਼ਰਬਾਂ ਤਕਸੀਮਾਂ ਕਰਨ ਸਦਾ,
ਉਨ੍ਹਾਂ ਤੋਂ ਜ਼ਿੰਦਗੀ ਰੋਜ਼ ਡਰੇ ।

ਜਿੰਨ੍ਹਾਂ ਨੇ ਸਾਰੀ ਖ਼ਲਕਤ ਨੂੰ,
ਕਰ ਦਿੱਤੈ ਰੂਹ ਤੋਂ ਹੋਰ ਪਰੇ।

ਜਿੰਨ੍ਹਾਂ ਦੀ ਹਕੂਮਤ ਇਹ ਚਾਹਵੇ,
ਹਰ ਰੁੱਖ ਤੋਂ ਸਿਰਫ਼ ਬੰਦੂਕ ਬਣੇ।
ਜਾਂ ਲਾਸ਼ਾਂ ਢੋਵਣ ਖ਼ਾਤਰ ਹੀ,
ਬਕਸਾ ਜਾਂ ਸਿਰਫ਼ ਸੰਦੂਕ ਬਣੇ।

ਕੋਈ ਮਰਦਾ ਹੈ, ਕੋਈ ਜਾਂਦਾ ਹੈ,
ਜੰਗਬਾਜ਼ਾਂ ਨੂੰ ਕੋਈ ਫ਼ਰਕ ਨਹੀਂ।
ਘੁੱਗੀਆਂ ਚੁੰਝ ਨਰਮ ਕਰੂੰਬਲ ਨੂੰ,
ਝਪਟਣ ਦਾ ਕੋਈ ਤਰਕ ਨਹੀਂ।

ਘੁੱਗੀਆਂ ਦਾ ਜੋੜਾ ਬਹਿ ਕੇ ,
ਜਦੋਂ ਕਲੋਲ ਕਰੇ ।
ਸਾਹਵਾਂ ਨੂੰ ਇਕਸੁਰ ਕਰਕੇ,
ਗਾਨੀ ਕੋਲ ਕਰੇ।

ਰੂਹਾਂ ਦਾ ਹੋਵੇ ਮੇਲ ਜਦੋਂ,
ਅੰਬਰਾਂ 'ਚੋਂ ਪਵੇ ਤਰੇਲ ਉਦੋਂ,
ਚੰਬਾ ਖਿੜ ਜਾਵੇ ਸਾਹਵਾਂ ਵਿਚ,
ਕੁਝ ਇਹੋ ਜਿਹਾ ਸਲੂਕ ਬਣੇ।
ਇਹ ਧੜਕਣ ਮਿੱਸਿਆਂ ਸਾਹਵਾਂ ਦੀ,
ਮੇਰੇ ਗੀਤਾਂ ਦੀ ਇਕ ਟੂਕ ਬਣੇ।

ਬੇਲੇ ਵਿਚ ਮੱਝੀਆਂ ਚਾਰਦਿਆਂ,
ਹਰ ਕੈਦੋ ਅੱਗੇ ਹਾਰਦਿਆਂ।
ਜ਼ਿੰਦਗੀ @ਚੋਂ ਹੀਰ ਗੁਆਚੇ ਨਾ,
ਇਸ ਦੀ ਹੀ ਕੀਮਤ ਤਾਰਦਿਆਂ।
ਜਦ ਵੰਝਲੀ ਕੋਲ ਬੁਲਾਉਂਦੀ ਹੈ,
ਦਿਲ ਵਾਲੇ ਛੇਕ ਵਿਖਾਉਂਦੀ ਹੈ।
ਮੈਂ ਕੁਲ ਆਲਮ ਦਾ ਸੋਜ਼ ਉਦੋਂ,
ਪੋਰੀ ਦੇ ਅੰਦਰ ਭਰਦਾ ਹਾਂ,
ਬੱਸ ਤੈਨੂੰ ਚੇਤੇ ਕਰਦਾ ਹਾਂ।

ਛੇਕਾਂ ਨੂੰ ਪੋਟੇ ਛੋਹਣ ਜਦੋਂ,
ਹਟਕੋਰੇ ਭਰਦੀ ਪੌਣ ਉਦੋਂ।
ਕੋਈ ਤਰਜ਼ ਗੁਆਚੀ ਉਮਰਾਂ ਦੀ,
ਸੁਣ ਮਨ ਦਾ ਚੰਬਾ ਖਿਲਦਾ ਹੈ।
ਮਾਰੂਥਲ ਵਿਚ ਤੁਰਦੇ ਰਾਹੀ ਨੂੰ,
ਘੁੱਟ ਪਾਣੀ ਜੀਕਣ ਮਿਲਦਾ ਹੈ।
ਮੈਨੂੰ ਵੀ ਉਸ ਪਲ ਇਉਂ ਜਾਪੇ,
ਜਿਉਂ ਜੀਣ ਬਹਾਨਾ ਮਿਲਦਾ ਹੈ।

ਸੱਜਣਾਂ ਦੀ ਅੱਖ ਦਾ ਖੋਟ ਜਦੋਂ,
ਨਜ਼ਰਾਂ ਦੇ ਅੰਦਰ ਭਰ ਜਾਵੇ।
ਧੜਕਣ ਵਿਚ ਕੈਦ ਪਰਿੰਦਿਆਂ ਦੀ,
ਪਰਵਾਜ਼ ਉਸੇ ਪਲ ਮਰ ਜਾਵੇ।
ਤੇ ਨੀਲੇ ਅੰਬਰੀਂ ਉਸ ਵੇਲੇ,
ਕਲਮੂੰਹਾਂ ਧੂੰਆਂ ਭਰ ਜਾਵੇ।

ਧਰਤੀ ਦੀ ਸਹੁੰ ਮੈਂ ਉਸ ਵੇਲੇ,
ਕੱਲ੍ਹਾ, ਘਬਰਾਵਾਂ, ਡਰਦਾ ਹਾਂ।
ਰੁੱਖਾਂ ਨੂੰ ਨੇੜਿਉਂ ਵੇਖਾਂ ਫਿਰ,
ਪੱਤਿਆਂ ਨੂੰ ਸਿਜਦੇ ਕਰਦਾ ਹਾਂ।

ਫੁੱਲਾਂ ਦੀਆਂ ਵੇਲਾਂ ਮਹਿਕਦੀਆਂ,
ਇਹ ਗੀਤ ਰੁਮਕਦੀ ਪੌਣ ਸੁਣੇ।
ਮੇਰੇ ਅਨਹਦ ਨਾਦ ਨੂੰ ਤੇਰੇ ਬਿਨ,
ਇਸ ਧਰਤੀ ਤੇ ਦੱਸ ਕੌਣ ਸੁਣੇ ?




# ਸ਼ੋਹਰਤ ਸ਼ਰਾਬ ਸੋਹਣੀ ਨਾਰ ਵਾਲਾ : ਜਰਨੈਲ ਘੁਮਾਣ


ਜਰਨੈਲ ਘੁਮਾਣ

ਸੰਗਰੂਰ ਤੋਂ ਦਿੱਲੀ ਜਾਂਦਿਆਂ ਮਹਿਲਾਂ ਚੌਂਕ ਟੱਪਣ ਤੋਂ ਬਾਅਦ ਇਕ ਛੋਟਾ ਪਰ ਮਸ਼ਹੂਰ ਕਸਬਾ ਆਉਂਦੈ ਦਿੜ੍ਹਬਾ ਦਿੜ੍ਹਬੇ ਦੇ ਸਾਧਾਰਨ ਕਿਸਾਨ ਪ੍ਰੀਵਾਰ ਵਿੱਚ ਜਨਮਿਆਂ ਜਰਨੈਲ ਆਪਣੀ ਉਪਜੀਵਕਤਾ ਲਈ ਤਾਂ ਮੋਟਰ ਮਕੈਨਕੀ ਕਰਦਾ ਸੀ, ਪਰ ਰੂਹ ਲਈ ਉਸਦੀ ਖੁਰਾਕ ਪੰਜਾਬੀ ਗੀਤ ਸਨ। ਸਦੀਕ ਮਾਣਕ ਦੀਆਂ ਆਵਾਜ਼ਾਂ 'ਚ ਮਰਾੜ੍ਹਾਂ ਵਾਲੇ ਥਰਿਕਿਆਂ ਵਾਲੇ ਦੇ ਗੀਤ ਉਹਦੇ ਧੁਰ ਅੰਦਰ ਲਹਿ ਗਏ। ਬੱਸ ਦੇਖਾ ਦੇਖੀ ਮੋਟਰਾਂ ਵਾਂਗੂੰ ਗੀਤ ਵੀ ਬੰਨ੍ਹਣ ਲੱਗ ਪਿਆ। ਕੁੱਝ ਕੁ ਗੀਤ ਲਿਖੇ। ਸੰਗਰੂਰ ਦੇ ਮਾਸਟਰ ਸ਼ਿੰਗਾਰਾ ਸਿੰਘ ਚਹਿਲ ਨਾਲ ਆੜੀ ਪੈ ਗਈ। ਸ਼ਿੰਗਾਰਾ ਸਿੰਘ ਚਹਿਲ ਦੀ ਆਵਾਜ਼ ਵਿੱਚ ਜਰਨੈਲ ਦਾ ਲਿਖਿਆ ਪਹਿਲਾ ਗੀਤ ਰਿਕਾਰਡ ਹੋਇਆ

ਤੈਨੂੰ ਵੇਚਕੇ ਬਦਾਮ ਛਕ ਜਾਣਗੇ
ਨੀ ਪਹਿਲਾਂ ਵਾਲੇ ਯਾਰ ਨਾ ਰਹੇ

ਕੈਸਿਟ ਵੀ ਹਿੱਟ ਤੇ ਇਹ ਗੀਤ ਵੀ ਹਿੱਟ ਇਸੇ ਗੀਤ ਨਾਲ ਉਹ ਰਾਤੋ ਰਾਤ ਜਰਨੈਲ ਤੋਂ ਜਰਨੈਲ ਘੁਮਾਣ ਬਣ ਗਿਆ। ਪੈਰੀਂ ਐਸੀ ਭੌਰੀ ਪਈ ਚੱਲ ਲੁਧਿਆਣੇ। ਮੁਹੰਮਦ ਸਦੀਕ ਰਣਜੀਤ ਕੌਰ ਦੀ ਐਲਬਮ ÷ਸੌ ਦਾ ਨੋਟ÷ ਵਿੱਚ ਸਿੱਧੇ ਚਾਰ ਗੀਤ ਘੁਮਾਣ ਦੇ ਰਿਕਾਰਡ ਹੋਏ ਉਹਨਾਂ ਚੋਂ ਦੋ ਗੀਤ ਤਾਂ ਮੁਹੰਮਦ ਸਦੀਕ ਰਣਜੀਤ ਕੌਰ ਦੀਆਂ ਸਟੇਜਾਂ ਦਾ ਸ਼ਿੰਗਾਰ ਬਣੇ ਉਹਨਾਂ 'ਚੋ ਇਕ ਗੀਤ ਸੀ

ਮੋਹਰ ਲਾ ਦੀਂ ਲੰਡੇ ਚਿੜੇ ਤੇ
ਤੇ ਦੂਸਰੇ ਗੀਤ ਦੇ ਬੋਲ ਸਨ
ਫੇਰ ਤੀਆਂ ਤੋਂ ਵੀ ਸੋਹਣੇ ਸੋਹਣੇ
ਪਿਆਰੇ ਪਿਆਰੇ ਦਿਨ ਆਉਣਗੇ

ਐਸੀ ਚੇਟਕ ਲੱਗੀ ਆਪਣੇ ਮਿੱਤਰ ਸ਼ਿੰਗਾਰਾ ਸਿੰਘ ਚਹਿਲ ਨਾਲ ਰਲਕੇ ਸੀ ਐਮ ਸੀ ਨਾਮੀਂ ਸੰਗੀਤਕ ਕੰਪਨੀ ਖੋਲ੍ਹ ਲਈ । ਪਹਿਲੀ ਕੈਸਿਟ "ਜ਼ਫ਼ਰਨਾਮਾ" ਸ਼ਿੰਗਾਰਾ ਸਿੰਘ ਚਹਿਲ ਦੀ ਆਵਾਜ਼ ਵਿੱਚ ਰਿਕਾਰਡ ਕੀਤੀ ਇਸਤੋਂ ਬਾਅਦ ਲਗਾਤਾਰ ਚਾਰ ਪੰਜ ਕੈਸਿਟਾਂ ਰਿਕਾਰਡ ਕੀਤੀਆਂ। ਸ਼ਿੰਗਾਰਾ ਸਿੰਘ ਚਹਿਲ ਕੋਲ ਸਮੇਂ ਦੀ ਘਾਟ ਹੋਣ ਕਰਕੇ ਘੁਮਾਣ ਸਿੱਧਾ ਲੁਧਿਆਣੇ ਆ ਵੜਿਆ। ਮੁਹੰਮਦ ਸਦੀਕ ਨਾਲ ਰਲਕੇ ਸੀ ਐਮ ਸੀ ਦੀ ਦੂਸਰੀ ਪਾਰੀ ਸ਼ੁਰੂ ਕੀਤੀ। ਜੋ ਪੰਜਾਬੀ ਗੀਤ ਸੰਗੀਤ ਦਾ ਇਤਿਹਾਸ ਬਣ ਗਿਆ। ਭਗਵੰਤ ਮਾਨ, ਕਰਮਜੀਤ ਅਨਮੋਲ, ਹਰਭਜਨ ਸ਼ੇਰਾ, ਪ੍ਰੀਤ ਹਰਪਾਲ ਜਿਹੇ ਅਸਲੋਂ ਨਵੇਂ ਕਲਾਕਾਰ ਘੁਮਾਣ ਨੇ ਸੀ ਐਮ ਸੀ ਰਾਹੀਂ ਪੇਸ਼ ਕੀਤੇ ਇਹਦੇ ਨਾਲ ਨਾਲ ਸਥਾਪਿਤ ਕਲਾਕਾਰਾਂ ਵੀ ਰਿਕਾਰਡ ਕੀਤੇ ਜਿਹਨਾਂ ਵਿੱਚ ਕੁਲਦੀਪ ਮਾਣਕ ਸਾਹਿਬ, ਹੰਸ ਰਾਜ ਹੰਸ, ਪਰਮਿੰਦਰ ਸੰਧੂ, ਜਸਵਿੰਦਰ ਭੱਲਾ, ਗੁਰਦੇਵ ਢਿੱਲੋਂ, ਇਹ ਸੂਚੀ ਕਾਫੀ ਲੰਮੀ ਐ ਜਰਨੈਲ ਘੁਮਾਣ ਨੇ ਭਾਵੇਂ ਇਕ ਨਿਰਮਾਤਾ ਵੱਜੋਂ ਬਹੁਤ ਕੰਮ ਕੀਤਾ ਪਰ ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਉਹ ਵਪਾਰੀ ਨਹੀਂ ਬਣ ਸਕਿਆ। ਪੰਜਾਬ ਦੇ ਲੋਕਾਂ ਵਿੱਚ ਘੁਮਾਣ ਦੀ ਪੇਸ਼ਕਾਰੀ ਗੀਤਕਾਰੀ ਇਕ ਵੱਖਰਾ ਮੁਕਾਮ ਰੱਖਦੀ ਐ। ਉਂਞ ਤਾਂ ਘੁਮਾਣ ਦੇ ਲਿਖੇ ਅਨੇਕਾਂ ਗੀਤ ਲੋਕ ਮਨਾਂ ਵਿਚ ਵਸਦੇ ਹਨ। ਇੱਥੇ ਮੈਂ ਇਕ ਦੋ ਗੀਤ ਨਮੂਨੇ ਵਜੋਂ ਪੇਸ਼ ਕਰ ਰਿਹਾ ਹਾਂ

ਸ਼ੋਹਰਤ ਸ਼ਰਾਬ ਸੋਹਣੀ ਨਾਰ
ਕਿਸੇ ਕਿਸੇ ਦੇ ਹਜ਼ਮ ਆਉਂਦੀ ਐ
(ਸੁਰਜੀਤ ਬਿੰਦਰਖੀਆ)
ਰੋ ਰੋ ਨੈਣਾਂ ਨੇ ਲਗਾਈਆਂ ਝੜੀਆਂ
(ਕਰਮਜੀਤ ਅਨਮੋਲ)
ਦਿਲਾ ਛੱਡ ਦੇ ਬੇਗਾਨਿਆਂ ਨੂੰ ਰੋਣਾਂ
ਬੇਗਾਨੇ ਤਾਂ ਬੇਗਾਨੇ ਹੁੰਦੇ ਨੇ
( ਪ੍ਰੀਤ ਹਰਪਾਲ)
ਨਾ ਹੈਲੋ ਹੈਲੋ ਕਰਿਆ ਕਰ
(ਹਰਭਜਨ ਸ਼ੇਰਾ)
ਮੈਂ ਤਾਂ ਨੱਚੂੰਗੀ
(ਪਰਮਿੰਦਰ ਸੰਧੂ)

ਬੇਸ਼ੱਕ ਜਰਨੈਲ ਘੁਮਾਣ ਨੇ ਅਨੇਕਾਂ ਵਾਰ ਝੱਖੜਾਂ ਦਾ ਸਾਹਮਣਾ ਕੀਤਾ, ਮਾਰੂ ਹਨੇਰੀਆਂ ਸਿਰ ਤੇ ਝੱਲੀਆਂ ਸਾਰੀਆਂ ਅੜਚਨਾਂ ਦੇ ਬਾਵਜੂਦ ਉਹ ਅੱਜ ਵੀ ਪਰਬਤ ਵਾਂਗੂੰ ਅਡੋਲ ਖੜ੍ਹਾ ਐ। ਜਰਨੈਲ ਘੁਮਾਣ ਮੇਰਾ ਭਰਾਵਾਂ ਵਰਗਾ ਪੁਰਾਣਾ ਮਿੱਤਰ ਐ। ਉਸਦੀ ਚੜ੍ਹਦੀ ਕਲਾ ਲਈ ਮੈਂ ਇਕੱਲਾ ਨਹੀਂ ਪੰਜਾਬ ਦੁਆਵਾਂ ਕਰਦਾ ਹੈ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

# ਯਾਰੋ ਗੀਤ ਨਾ ਗਲਤ ਅਨਪੜ੍ਹ ਦੇ : ਬਚਿੱਤਰ ਅਨਪੜ੍ਹ


ਬਚਿੱਤਰ ਅਨਪੜ੍ਹ

ਜੱਗ ਵਿੱਚ ਯਰਾਨੇ ਮੈਂ ਬੜੇ ਦੇਖੇ
ਪਰ ਨੇਪਰੇ ਚੜ੍ਹਦਾ ਕੋਈ ਕੋਈ।
ਮਾੜੇ ਬੰਦੇ ਨੂੰ ਹਰ ਕੋਈ ਝਿੜਕ ਦਿੰਦਾ
ਮੂਹਰੇ ਤਕੜੇ ਦੇ ਅੜਦਾ ਕੋਈ ਕੋਈ।
ਪੈਸੇ ਵਾਲੇ ਨੂੰ ਪੂਜਦੀ ਇਹ ਦੁਨੀਆਂ
ਬਾਂਹ ਗਰੀਬ ਦੀ ਫੜਦਾ ਕੋਈ ਕੋਈ।
#ਅਨਪੜ੍ਹਾ ਪਿਆਲੇ ਦੇ ਯਾਰ ਲੱਖਾਂ
ਖੂੰਡਾ ਖੜਕੇ ਤੋਂ ਖੜ੍ਹਦਾ ਕੋਈ ਕੋਈ।

ਸਿੱਧੇ ਜਦੋਂ ਬੰਦੇ ਦੇ ਨਸੀਬ ਹੁੰਦੇ
ਗੁੱਡੀ ਚੜ੍ਹਦਿਆਂ ਚੜ੍ਹਦਿਆਂ ਚੜ੍ਹ ਜਾਂਦੀ ।
ਮੱਥਾ ਛੱਡ ਮੁਕੱਦਰ ਜੇ ਦੌੜ ਜਾਵੇ
ਕਿਸਮਤ ਸੜਦਿਆਂ ਸੜਦਿਆਂ ਸੜ ਜਾਂਦੀ।
ਜਦੋਂ ਹੱਸਕੇ ਹਰਕਤਾਂ ਹੁਸਨ ਕਰਦਾ
ਅੱਖ ਲੜਦਿਆਂ ਲੜਦਿਆਂ ਲੜ ਜਾਂਦੀ।
#ਅਨਪੜ੍ਹਾ ਨਾ ਦਿਲਾਂ ਤੇ ਰਹੇ ਕਾਬੂ
ਕੁੰਡੀ ਅੜਦਿਆਂ ਅੜਦਿਆਂ ਅੜ ਜਾਂਦੀ

ਆਬ ਹੁਸਨ ਦੀ ਹੋਵੇ ਨਾਂ ਮੁੱਖੜੇ ਤੇ
ਲਾਲੀ ਰੰਗ ਕੇ ਕੀਤੀ ਤਾਂ ਕੀ ਕੀਤੀ।
ਮੁੰਡੇ ਵਿਆਹੇ ਦੀ ਖੁਸ਼ੀ ਜੇ ਹੋਵੇ ਕਰਨੀ
ਸ਼ਾਦੀ ਲੰਘ ਕੇ ਕੀਤੀ ਤਾਂ ਕੀ ਕੀਤੀ।
ਮੁਲਾਕਾਤ ਮਾਸ਼ੂਕ ਦੇ ਨਾਲ ਹੋਵੇ
ਉਹ ਵੀ ਸੰਗ ਕੇ ਕੀਤੀ ਤਾਂ ਕੀ ਕੀਤੀ।
#ਅਨਪੜ੍ਹਾ ਜੇ ਪੀਣ ਦਾ ਸ਼ੌਕ ਹੋਵੇ
ਦਾਰੂ ਮੰਗ ਕੇ ਪੀਤੀ ਤਾਂ ਕੀ ਪੀਤੀ।

ਅਕਸਰ ਈ ਗਵੀਈਏ ਇਹਨਾਂ ਸ਼ੇਅਰਾਂ ਨੂੰ ਸਟੇਜਾਂ ਤੇ ਬੋਲਦੇ ਹਨ। ਜਿਹਨਾਂ ਵਿਚ #ਅਨਪੜ੍ਹ ਦਾ ਨਾਮ ਬੋਲਦੈ, ਕੌਣ ਐ ਇਹ #ਅਨਪੜ੍ਹ ?

ਮੇਰੀ ਜਨਮ ਭੋਇੰ ਮਾਨਸਾ ਕਮਿਊਨਿਸਟ ਲਹਿਰ ਦਾ ਗੜ੍ਹ। ਮਾਨਸਾ ਵਿੱਚ ਤੇ ਲਾਗਲੇ ਪਿੰਡਾਂ ਵਿੱਚ ਕਾਮਰੇਡਾਂ ਦੇ ਬਹੁਤ ਡਰਾਮੇ ਹੁੰਦੇ। ਮੇਰੇ ਬਚਪਨ ਤੇ ਵੀ ਕਮਿਊਨਿਸਟ ਲਹਿਰ ਦਾ ਡੂੰਘਾ ਪ੍ਰਭਾਵ ਐ । ਕਾਮਰੇਡਾਂ ਦੇ ਡਰਾਮਿਆਂ ਵਿੱਚ ਅੱਖਾਂ ਤੇ ਐਨਕ ਲਾਕੇ ਇਕ ਕਾਮਰੇਡ ਬਚਿੱਤਰ ਸਿੰਘ ਅਨਪੜ੍ਹ ਗਾਉਂਦਾ ਹੁੰਦਾ

ਤੈਨੂੰ ਪਤਾ ਗਰੀਬੀ ਦਾ ਲੱਗ ਜਾਂਦਾ
ਜੇ ਮੈਂ ਧਨੀ ਤੇ ਤੂੰ ਗਰੀਬ ਹੁੰਦਾ

ਸਾਡੇ ਮਾਨਸਾ ਸ਼ਹਿਰ ਵਿੱਚ ਮੇਰੇ ਬਿਲਕੁਲ ਗੁਆਂਢ ਵਿੱਚ ਗਾਇਕ ਸੁਖਦੇਵ ਸਫਰੀ ਰਹਿੰਦਾ ਸੀ। ਸਫਰੀ ਮਾਣਕ ਦਾ ਚੇਲਾ ਸੀ। ਕਾਮਰੇਡ ਬਚਿੱਤਰ ਅਨਪੜ੍ਹ ਵੀ ਅਕਸਰ ਸਫਰੀ ਕੋਲ ਹੀ ਜ਼ਿਆਦਾ ਸਮਾਂ ਗੁਜਾਰਦਾ। ਗਲਾਸੀ ਵੀ ਕੱਠੇ ਖੜਕਾਉਂਦੇ। ਸਫਰੀ ਦੀ ਰਿਕਾਰਡਿੰਗ ਹੋਈ ਤਾਂ ਉਹਦੇ ਵਿੱਚ ਅਨਪੜ੍ਹ ਦਾ ਲਿਖਿਆ ਗੀਤ ਰਿਕਾਰਡ ਹੋਇਆ

ਜੱਟ ਰੂੜੀਆਂ 'ਚ ਬੈਠਾ ਰਿਹਾ ਸਾਰੀ ਰਾਤ ਨੀ

ਗੀਤ ਬੜਾ ਹਿੱਟ ਹੋਇਆ।ਸਫਰੀ ਨੇ ਉਪਰੋ ਥਲੀ ਅਨਪੜ੍ਹ ਦੇ ਪੰਜ ਛੇ ਗੀਤ ਰਿਕਾਰਡ ਕਰਵਾ ਦਿੱਤੇ ਜੋ ਸਾਰੇ ਹਿੱਟ। ਸਫਰੀ ਨੇ ਲੁਧਿਆਣੇ ਜਾ ਡੇਰਾ ਲਾਇਆ। ਸਫਰੀ ਦੀ ਬਦੌਲਤ ਅਨਪੜ੍ਹ ਦਾ ਮੇਲ ਕੁਲਦੀਪ ਮਾਣਕ ਨਾਲ ਹੋਇਆ ਫੇਰ ਮਾਣਕ ਦੀ ਆਵਾਜ਼ ਵਿੱਚ ਅਨਪੜ੍ਹ ਦੇ ਗੀਤ ਰਿਕਾਰਡ ਹੋਏ

ਫੜ੍ਹ ਮਾਰਨੀ ਤੇ ਪਿੱਠ ਪਿੱਛੇ ਕੱਢਣੀ
ਹੈ ਬੜੀ ਸੌਖੀ ਗਾਲ੍ਹ ਮਿੱਤਰੋ
ਪਤਾ ਲੱਗ ਜਾਂਦਾ ਜਦੋਂ ਹੱਥ ਜੁੜਦੇ
ਬੇਗਾਨੇ ਪੁੱਤ ਨਾਲ ਮਿੱਤਰੋ

ਜੰਮੇ ਨਾਲ ਦੇ ਹੀ ਪੈਂਦੀਆਂ @ਚ ਖੜ੍ਹਦੇ
ਯਾਰੋ ਗੀਤ ਨਾ ਗਲਤ ਅਨਪੜ੍ਹ ਦੇ
ਜਿਹੜੇ ਲਹੂ ਨੇ ਲਹੂ ਦੇ ਉੱਤੇ ਡੋਲ੍ਹਦੇ
ਕੀ ਉਹਨਾਂ ਦੀ ਮਿਸਾਲ ਮਿੱਤਰੋ
ਪਤਾ ਲੱਗ ਜਾਂਦਾ ਜਦੋਂ ਹੱਥ ਜੁੜਦੇ
ਬੇਗਾਨੇ ਪੁੱਤ ਨਾਲ ਮਿੱਤਰੋ

ਐਵੇਂ ਹੱਸਿਆ ਨਾ ਕਰ ਤਾੜੀ ਮਾਰਕੇ,
ਹਾਸੇ ਦਾ ਮਜ਼ਾਕ ਹੋਜੂਗਾ
ਘਰੋਂ ਤੁਰੀਏ ਨਾ ਰੂਪ ਨੂੰ ਸ਼ਿੰਗਾਰ ਕੇ,
ਐਂਵੇਂ ਕੋਈ ਹਲਾਕ ਹੋਜੂਗਾ

ਲਾਕੇ ਨੈਣਾਂ ਵਾਲੀ ਰੱਖੀਐ ਨੁਮਾਇਸ਼ ਨੂੰ
ਨੀ ਬੂਹੇ ਵਿੱਚ ਜਾਕੇ ਖੜ੍ਹਦੀ
ਚੜ੍ਹ ਗਈ ਜੇ ਨਜ਼ਰ ਡੁੱਬ ਜਾਣੀਏ
ਨੀ ਆਸੀ ਵਾਲੇ ਅਨਪੜ੍ਹ ਦੀ
ਤੇਰੇ ਨਕਸ਼ਾਂ ਦੇ ਨਕਸ਼ ਉਤਾਰ
ਕੇ ਮੁੰਡਾ ਮੁਸ਼ਤਾਕ ਹੋਜੂਗਾ
ਐਵੇਂ ਹੱਸਿਆ ਨਾ ਕਰ ਤਾੜੀ ਮਾਰਕੇ

ਕੁਲਦੀਪ ਮਾਣਕ ਨੇ ਅਨਪੜ੍ਹ ਦੇ ਹੋਰ ਵੀ ਗੀਤ ਗਾਏ। ਮਾਣਕ ਨੇ ਕੁਲਦੀਪ ਕੌਰ ਨਾਲ ਅਨਪੜ੍ਹ ਦੇ ਦੋ-ਗਾਣੇ ਵੀ ਰਿਕਾਰਡ ਕਰਵਾਏ। ਇਸ ਤੋਂ ਇਲਾਵਾ ਮੁਹੰਮਦ ਸਦੀਕ ਰਣਜੀਤ ਨੇ

ਕਿਉਂ ਭਾਬੀ ਹੁਣ ਰਾਹ ਨੀ ਦਿੰਦੀ
ਸਿਰੋਂ ਉਲਾਂਭਾ ਲਾਹ ਨੀ ਦਿੰਦੀ
ਮੰਗਣਾ ਕਰਕੇ ਵਿਆਹ ਨੀ ਦਿੰਦੀ,
ਸਾਲ ਸੋ੍ਲਵਾਂ ਚੜ੍ਹ ਚਲਿਆ
ਚੰਡੀਗੜ੍ਹ ਵਾਂਗੂੰ ਭਾਬੀ ਨੀ
ਮੇਰੇ ਵਿਆਹ ਦਾ ਮਸਲਾ ਅੜ ਚੱਲਿਆ

ਭਾਨੀ ਮਾਰ ਗਿਆ ਕਿਹੜਾ ਸੜਿਆ
ਕੀਹਦੇ ਸੱਪ ਦਮੂੰਹਾਂ ਲੜਿਆ
ਕੱਢਦੇ ਭਾਬੀ ਗੱਡਾ ਅੜਿਆ
ਬੀਤ ਨਹੀਂ, ਅਨਪੜ੍ਹ ਚੱਲਿਆ
ਚੰਡੀਗੜ੍ਹ ਵਾਂਗੂੰ ਭਾਬੀ ਨੀ
ਮੇਰੇ ਵਿਆਹ ਦਾ ਮਸਲਾ ਅੜ ਚੱਲਿਆ

ਇਸੇ ਤਰ੍ਹਾਂ ਕਰਤਾਰ ਰਮਲਾ ਦੀ ਆਵਾਜ਼ ਵਿੱਚ ਅਨਪੜ੍ਹ ਦਾ ਗੀਤ

ਕੱਲ੍ਹ ਮੁੰਦੀਆਂ ਵਟਾਈਆਂ,
ਅੱਜ ਮੋੜ ਮੁੜਾਈਆਂ
ਦਿਲ ਮਿਲਦੇ ਨੀ ਲੱਖ ਤੇ ਕਰੋੜੀਂ,
ਨੀ ਜਾਹ ਤੈਨੂੰ ਮਾਫ ਕੀਤਾ
ਪਰ ਹੋਰ ਨਾ ਕਿਸੇ ਦਾ ਦਿਲ ਤੋੜੀਂ ਨੀ
ਜਾਹ ਤੈਨੂੰ ਮਾਫ ਕੀਤਾ

ਸੁੱਖੀ ਵੱਸ, ਇੱਥੇ ਲਾਕੇ ਛੱਡਣਾ ਰਿਵਾਜ਼ ਏ
ਸਾਡੇ ਨਾਲ ਅੱਜ ਸਾਡਾ ਰੱਬ ਵੀ ਨਾਰਾਜ਼ ਏ
ਕਹਿੰਦਾ ਰਾਹਾਂ ਵਿੱਚ ਖੜ੍ਹ,
ਆਸੀ:ਵਾਲਾ:ਅਨਪੜ੍ਹ
ਨਾ ਤੂੰ ਫ਼ੁਲਾਂ ਜਹੀਆਂ ਸੱਧਰਾਂ ਮਧੋੜੀਂ
ਨੀ ਜਾਹ ਤੈਨੂੰ ਮਾਫ ਕੀਤਾ

ਅਜੈਬ ਰਾਇ, ਕੁਲਦੀਪ ਪਾਰਸ, Gulshan Komal ਸਮੇਤ ਪੰਜਾਬ ਦੇ ਚੋਟੀ ਦੇ ਗਾਇਕਾਂ ਨੇ ਅਨਪੜ੍ਹ ਦੇ ਗੀਤ ਗਾਏ

ਬਚਿੱਤਰ ਦਾ ਜਨਮ ਤਾਂ 1941 ਦੇ ਕਰੀਬ ਲੁਧਿਆਣੇ ਜਿਲ੍ਹੇ ਦੇ ਹੀ ਆਸੀ ਪਿੰਡ ਵਿੱਚ ਪਿਤਾ ਬਚਨ ਸਿੰਘ ਗਰੇਵਾਲ ਦੇ ਘਰ ਮਾਤਾ ਦਲੀਪ ਕੌਰ ਦੀ ਕੁੱਖੋਂ ਹੋਇਆ। ਸਾਰੀ ਉਮਰ ਕਾਮਰੇਡਾਂ ਨਾਲ ਮਾਨਸਾ ਬਠਿੰਡਾ ਸੰਗਰੂਰ ਹੀ ਰਿਹਾ । ਪੜ੍ਹਾਈ ਤੋਂ ਕੋਰਾ ਅਨਪੜ੍ਹ ਰਿਹਾ। ਬੇਸ਼ੱਕ ਉਹ ਅਕਾਦਮਿਕ ਸਿੱਖਿਆ ਤੋਂ ਸੱਖਣਾ ਸੀ ਪਰ ਦੁਨੀਆਂਦਾਰੀ ਦੀ ਯੂਨੀਵਰਸਿਟੀ ਦਾ ਉਹ ਪ੍ਰੋਫੈਸਰ ਸੀ । ਉਸਨੇ ਵਿਆਹ ਵੀ ਨਹੀਂ ਕਰਵਾਇਆ ਫੱਕਰ ਰੂਹ ਦਾ ਮਾਲਕ ਬਚਿੱਤਰ ਸਿੰਘ ਅਨਪੜ੍ਹ 2010 ਵਿੱਚ ਜਹਾਨੋਂ ਕੂਚ ਕਰ ਗਿਆ ਪਰ ਉਹਦੇ ਗੀਤ ਹਮੇਸ਼ਾਂ ਪੰਜਾਬੀਆਂ ਦੇ ਦਿਲਾਂ ਵਿੱਚ ਵਸਦੇ ਰਹਿਣਗੇ

facebook
ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਜੋ ਏਹਨੇ ਕਰਨਾ ਉਹ ਹੋਰ ਕਿਸੇ ਕੋਲੋ ਨਹੀਂ ਹੋਣਾ

ਅਖੇ ਸਾਡੇ ਲੋਕਾਂ ਨੇ ਬਾਹਰ ਆ ਕੇ ਬੜੀਆਂ ਤਰੱਕੀਆਂ ਕੀਤੀਆਂ - ਹੁਣ ਜਿਵੇ ਟਰੱਕਾਂ ਦੇ ਲਾਇਸੰਸਾ ਚ ਹੋਈਆਂ ਬੇਨਿਯਮੀਆ ਦੀਆਂ ਖ਼ਬਰਾਂ ਆਉਦੀਆ ਰਹਿੰਦੀਆਂ ਇਉਂ ਹੀ ਟੋਰੰਟੋ ਦੇ ਟੈਕਸੀ ਡਰਾਈਵਰਾਂ ਵਾਰੇ ਵੀ ਬੜੀਆਂ ਸ਼ਿਕਾਇਤਾਂ ਸਨ ਕਿ ਬਹੁਤਿਆ ਜਿਹਨਾ ਚ ਬਹੁਤੇ ਪੰਜਾਬੀ , ਇਰਾਨੀਆ ਨੂੰ ਅੰਗਰੇਜ਼ੀ ਬੋਲਣ ਦੀ ਸਮੱਸਿਆ ਹੈ ਤਾ ਉਹਨਾਂ ਨੇ ਲਾਇਸੰਸ ਕਿਵੇਂ ਲੈ ਲਏ ਜਿਸ ਕਰਕੇ ਸਿਟੀ ਨੇ ਹਰ ਦੋ ਸਾਲ ਬਾਅਦ ਪੰਜ ਦਿਨ ਦਾ ਰਫਰੈਸ਼ਰ ਕੋਰਸ ਲਾ ਦਿੱਤਾ । ਮੈਂ ਵੀ refresher ਦੀਆਂ ਕਲਾਸਾਂ ਲਾ ਰਿਹਾ ਸੀ । ਇੱਕ ਦਿਨ ਦੁਪਹਿਰ ਦੀ ਬਰੇਕ ਤੇ ਇੱਕ ਈਰਾਨੀ ਡਰਾਈਵਰ ਨੇ ਟੀਚਿੰਗ ਸੁਪਰਵਾਈਜ਼ਰ ਨੂੰ ਕਿਹਾ  ਉਹ ਪੰਜ ਸਾਲਾਂ ਤੋਂ ਟੈਕਸੀ ਪਲੇਟ ਕਿਰਾਏ ਤੇ ਸੈ ਕੇ ਚਲਾ ਰਿਹਾ ਹੈ । ਦੋ ਕੁ ਮਹੀਨੇ ਪਹਿਲਾਂ ਉਸ ਪਲੇਟ ਦਾ ਮਾਲਕ ਬਦਲ ਗਿਆ । ਪਲੇਟ ਮਾਲਕ ਨੂੰ ਸਾਲ ਦੇ ਬਾਰਾਂ ਚਿੱਕ ਕਿਰਾਏ ਦੇ ਪਹਿਲਾਂ ਹੀ ਦੇ ਦੇਈਦੇ ਆ । ਮਾਲਕ ਹਰੇਕ ਮਹੀਨੇ ਪਹਿਲੀ ਤਰੀਕ ਨੂੰ ਕੈਸ਼ ਕਰ ਲੈਂਦਾ ਹੈ । ਹੁਣ ਜਦੋਂ ਨਵਾਂ ਮਾਲਕ ਬਣ ਗਿਆ ਤਾਂ ਬਾਰਾਂ ਚਿੱਕ ਉਹਨੂੰ ਦੇ ਦਿੱਤੇ । ਪੁਰਾਣੇ ਮਾਲਕ ਨੇ ਵੀ ਬਚਦੇ ਚਿੱਕ ਵਾਪਸ ਕਰਨ ਦੀ ਵਜਾਏ ਪਿਛਲੇ ਦੋ ਮਹੀਨਿਆਂ ਦੇ ਦੋ ਹਜ਼ਾਰ ਡਾਲਰ ਮਹੀਨੇ ਦੇ ਕਢਾਅ ਲਏ । ਮੈਂ ਜਦੋਂ ਵੀ ਫੋਨ ਕਰਦਾਂ ਤਾਂ ਉਹਦੀ ਘਰਵਾਲੀ ਕਹਿ ਦਿੰਦੀ ਕਿ ਉਹਨੂੰ ਕੁੱਝ ਨਹੀਂ ਪਤਾ ਉਹਦਾ ਘਰ ਵਾਲਾ ਇੰਡੀਆ ਤੋ ਵਾਪਿਸ ਨਹੀਂ ਆਇਆ ਅਜੇ । ਡਰਾਈਵਰ ਹੋਰ ਅੱਗੇ ਕਹਿੰਦਾ ਲੱਗਦਾ ਉਹ ਜਾਣ ਕੇ ਮੇਰੇ ਡਾਲਰ ਕਢਾਈ ਜਾ ਰਿਹਾ , ਲੱਗਦਾ ਬਾਅਦ ਚ ਉਹਨੇ ਮੈਨੂੰ ਕਹਿ ਦੇਣਾ  ਕੋਰਟ ਚ ਚਲਾ ਜਾਹ । ਟੀਚਰ ਸੁਪਰਵਾਈਜ਼ਰ ਮੇਰੇ ਵੱਲ ਦੇਖ ਕੇ ਕਹਿਣ ਲੱਗਾ  ਕੁਲਦੀਪ ਇਹ ਤੇਰਾ ਕੇਸ ਹੈ ਆਹ ਬ੍ਰੇਕ ਤੋ ਬਾਅਦ ਇਹਨੂੰ ਨਾਲ ਲੈ ਕੇ enforcement supervisor ਨਾਲ ਗੱਲ ਕਰ । ਡਰਾਈਵਰ ਉਹਨੂੰ ਕਹਿਣ ਲੱਗਾ  ਇਹ ਕੀ ਕਰੂ, ਇਹ ਤਾ ਮੇਰੇ ਵਰਗਾ ਹੀ ਆ ਜੇ ਤੂੰ ਉਹਨਾਂ ਨੂੰ ਫੋਨ ਕਰ ਦੇਵੇ ਤਾ ਸ਼ਾਇਦ ਉਹ ਸਮਝ ਲੈਣ । ਸੁਪਰਵਾਈਜ਼ਰ ਕਹਿਣ ਲੱਗਾ  ਜੋ ਏਹਨੇ ਕਰਨਾ ਉਹ ਹੋਰ ਕਿਸੇ ਕੋਲੋ ਨਹੀਂ ਹੋਣਾ । ਸਿਰਫ ਏਹਦੇ ਤੇਰੇ ਨਾਲ ਜਾਣ ਦੀ ਲੋੜ ਹੈ । ਮੈਂ ਸੁਪਰਵਾਈਜ਼ਰ ਨੂੰ ਕਿਹਾ  ਮੈਂ ਨਾਲ ਤਾ ਚਲੇ ਜਾਉ ਪਰ ਮੇਰੀ ਇੱਥੇ ਗੈਰਹਾਜ਼ਰੀ ਨਾ ਪਾ ਦੇਵੀ । ਉਹ ਬੋਲਿਆ  ਉਹਨੂੰ ਬਾਸਟਰਡ ਨੂੰ ਸਬਕ ਜਰੂਰ ਸਿਖਾਵੀਂ ਨਾਲੇ ਲੱਗਦਾ ਉਹ ਤੁਹਾਡਾ ਪੰਜਾਬੀ ਹੀ ਹੈ । ਅਸੀਂ ਦੋਵੇਂ ਲਾਇਸੰਸ ਕਮੀਸ਼ਨ ਦੇ ਡਾਇਰੈਕਟਰ ਕੋਲ ਜਾ ਪਹੁੰਚੇ । ਮੈਂ ਡਾਇਰੈਕਟਰ ਰਿਚਰਡ ਮੂਚੇ ਨੂੰ ਕਿਹਾ  ਤੇਰੇ ਡਿਪਾਰਟਮੈਂਟ ਚ ਕੋਈ ਰੂਲ ਐਂਡ ਰੈਗੂਲੇਸ਼ਨ ਵੀ ਹੈ ਜਾਂ ਜਿਹਦੇ ਹੱਥ ਜੋ ਲੱਗਿਆ ਲੈ ਕੇ ਚੱਲਦਾ ਬਣਦਾ । ਜਦੋ ਰਿਚਰਡ ਨੂੰ ਸਾਰੀ ਕਹਾਣੀ ਦੱਸੀ ਤਾ ਉਹ ਮੈਨੂੰ ਕਹਿੰਦਾ  ਆਪਾਂ ਪਹਿਲਾਂ ਕੌਫੀ ਪੀ ਲਈਏ ਫਿਰ ਕਰਦੇ ਹਾ ਉਹਨੂੰ ਸੂਤ । ਫਿਰ ਰਿਚਰਡ ਨੇ ਡਾਲਰ ਨਜਾਇਜ ਕਢਾਉਣ ਵਾਲੇ ਭਿੰਦੇ (ਸ਼ਾਹ) ਦੇ ਘਰ ਫੋਨ ਕੀਤਾ ਤਾਂ ਉਹਦੀ ਘਰਵਾਲੀ ਕਹਿੰਦੀ - ਤਿੰਨ ਕੁ ਦਿਨਾਂ ਚ ਉਹਨੇ ਇੰਡੀਆ ਤੋ ਆ ਜਾਣਾ ਤੂੰ ਉਦੋ ਫੋਨ ਕਰ ਲਵੀ । । ਰਿਚਰਡ ਇਕ ਦਮ ਗੁੱਸੇ ਚ ਬੋਲਿਆ  ਤਿੰਨ ਦਿਨ ਤਾ ਛੱਡ ਜੇ ਹੁਣ ਤੋ ਦਸ ਮਿੰਟ ਚ ਉਹਦੇ ਵਕੀਲ ਜਾਂ ਹੋਰ ਕਿਸੇ ਲਿਖਤੀ ਜੁੰਮੇਵਾਰ ਦਾ ਫੋਨ ਨਾ ਆਇਆ ਤਾ ਕੱਲ ਸਵੇਰੇ ਨੌਂ ਵਜੇ ਤੁਹਾਡੀਆਂ ( ਓਹਦੀਆ ) ਸੱਤ ਟੈਕਸੀ ਪਲੇਟਾਂ ਸਸਪਿੰਡ ਹੋ ਜਾਣੀਆਂ ਨਾਲੇ bad faith business practice ਦਾ ਚਾਰਜ ਲਾ ਦੇਣਾ । ਅਸੀਂ ਅਜੇ ਉੱਥੇ ਗੱਲਾਂ ਕਰ ਹੀ ਰਹੇ ਸਾਂ ਉਸ ਭਲੇ-ਮਾਣਸ ਦਾ ਫੋਨ ਆ ਗਿਆ ਤੇ ਕਹਿੰਦਾ ਮੈਂ ਅਜੇ ਟੋਰੰਟੋ ਏਅਰਪੋਰਟ ਤੇ ਹੀ ਹਾਂ ਕੱਲ ਨੂੰ ਏਥੇ ਆ ਜਾਵਾਂਗਾ । ਰਿਚਰਡ ਕਹਿੰਦਾ  ਤੂੰ ਕੱਲ ਨੂੰ ਆਪਦਾ ਪਾਸਪੋਰਟ ਵੀ ਨਾਲ ਲੈ ਕੇ ਆਵੀਂ ਅਸੀ ਦੇਖਣਾ ਕਿ ਤੂੰ ਇੰਡੀਆ ਗਿਆ ਵੀ ਕਿ ਨਹੀਂ ਤਾਂ ਅੱਗੋਂ ਕਹਿੰਦਾ  ਮੇਰਾ ਪਾਸਪੋਰਟ ਸੂਟ ਕੇਸ ਚ ਹੈ । ਸੂਟ ਕੇਸ ਜੇ ਨਾ ਗਵਾਚਾ ਤਾ ਲੈ ਆਵਾਂਗਾ ਪਾਸਪੋਰਟ । ਤਦ ਰਿਚਰਡ ਨੇ ਮੈਨੂੰ ਫੋਨ ਫੜਾਉਂਦਿਆਂ ਕਿਹਾ  ਲੈ ਸਮਝਾਈ ਏਹਨੂੰ ਆਪਦੀ ਭਾਸ਼ਾ ਚ - ਮੈਂ ਫੋਨ ਫੜਦਿਆਂ ਕਿਹਾ  ਦੇਖ ਉਏ - ਬਦਲ ਲੈ ਪਿਹਲੀ ਠੱਗੀਆਂ ਮਾਰਨ ਵਾਲੀ ਬਣੀ ਆਦਤ ਨਹੀਂ ਤਾਂ ਜੇਲ ਚ ਰੁਲੇਗਾ ? ਫਿਰ ਰਿਸ਼ਤੇਦਾਰ ਕੱਠੇ ਕਰ ਕੇ ਮਿੰਨਤਾ ਕਰਨ ਲੱਗ ਜਾਨੈ ਤਾ ਅੱਗੋਂ ਕਹਿੰਦਾ  ਤੂੰ ਕੁਲਦੀਪ ਕਾਮਰੇਡ ਹੈ । ਮੈਂ ਕਿਹਾ  ਚੁੱਪ ਕਰਕੇ ਸਵੇਰੇ ਨੌਂ ਵਜੇ ਚਾਰ ਹਜ਼ਾਰ ਡਾਲਰ ਨਾਲ ਵਿਆਜ ਲੈ ਆ ਤੇ ਨਾਲ ਅੱਗੋ ਤੋ ਅਜਿਹੀ ਹਰਕਤ ਨਹੀਂ ਕਰੇਗਾ ਪੇਪਰ ਤੇ ਲਿਖ ਕੇ ਦੇ ਦੇ ਨਹੀਂ ਤਾਂ ਜੇਲ ਜਾਵੇਗਾ । ਕੋਈ ਵਕੀਲ ਨਹੀਂ ਲੱਭਣਾ ਛਡਾਉਣ ਲਈ । ਨਹੀਂ ਤਾਂ ਤੇਰੀਆਂ ਸੱਤ ਟੈਕਸੀ ਪਲੇਟਾਂ ਜ਼ਬਤ ਹੋ ਜਾਣੀਆਂ ਅਤੇ ਜਹਿੜੇ ਚਾਲੀ ਪੰਜਾਹ ਰਿੰਟਲ ਯੂਨਿਟ ਲਏ ਹੋਏ ਆ ਨੂੰ ਜੇਲ ਚ ਬੈਠ ਕੇ ਸੁਪਨਿਆਂ ਚ ਦੇਖੇਗਾ ਤਾ ਅੱਗੋਂ ਕਹਿੰਦਾ - ਮੈਂ ਲਿਖ ਕੇ ਨਹੀਂ ਦੇਣਾ ਕੁੱਝ ਵੀ ਤੇ ਨਾਲ ਮੈਂ ਆਪਦਾ ਵਕੀਲ ਲੈ ਕੇ ਆਉਣਾ । ਮੈ ਕਿਹਾ  ਤੂੰ ਸਿਟੀ ਦੀ ਪ੍ਰਾਪਰਟੀ ( ਟੈਕਸੀ ਪਲੇਟ) ਨੂੰ ਲਗਾਤਾਰ bad business practice ਨਾਲ ਵਰਤ ਰਿਹਾਂ । ਜੇ ਵਕੀਲ ਲੈ ਕੇ ਆਇਆ ਤਾ ਤੂੰ ਹੋਰ ਬਿਜਨਸ ਚਲਾਉਣ ਵਾਲੇ ਲਾਇਸੰਸ ਵੀ ਕੈਂਸਲ ਕਰਵਾ ਲੈਣੇ । ਸਵੇਰੇ ਬੜਾ ਸੋਹਣਾ ਬੰਦੇ ਦਾ ਪੁੱਤ ਬਣ ਕੇ ਕੈਸ਼ ਕਢਾਅ ਕੇ ਅਤੇ ਨਾਲ ਸੌ ਮਿੰਨਤ ਕਰਕੇ ਖਹਿੜਾ ਛੁਡਾ ਕੇ ਗਿਆ ਵਾਰੇ ਮੈਨੂੰ refresher course ਦੀ ਕਲਾਸ ਲਾ ਰਹੇ ਨੂੰ refresher teaching supervisor ਨੇ ਦੱਸਿਆ । ਅਸਲ ਚ ਇਹ ਭੱਦਰ ਪੁਰਸ਼ ਕੱਲਾ ਨਹੀਂ ਸਗੋਂ ਸਾਡੇ ਬਹੁਤੇ ਸਰਮਾਏਦਾਰ ਅਜਿਹਾ ਕੁੱਝ ਕਰਕੇ ਹੀ ਸਰਮਾਏਦਾਰ ਬਣੇ ਆ ਪੰਜਾਬੀ ਬਿਜਨਸਾ ਵਾਲੇ ਇਹੋ ਜਿਹੀਆਂ ਚਾਲਾਂ ਨਾਲ

**ਕੁਲਦੀਪ ਬੋਪਾਰਾਏ**
**ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ**




# ਕੁੱਝ ਲੋਕ ਛਤਰੀ ਵੀ ਬੰਦੂਕ ਵਾਂਗ ਤਾਣਦੇ ਹਨ, ਤੇ ਕੁੱਝ ਲੋਕ ਬੰਦੂਕ ਵੀ ਬੰਸਰੀ ਵਾਂਗ ਫੜਦੇ ਹਨ

**ਤੁਝ ਸੇ ਬਿਛੜਾ ਤੋ ਪਸੰਦ ਆ ਗਈ ਬੇ-ਤਰਤੀਬੀ**
**ਇਸ ਸੇ ਪਹਿਲੇ ਮੇਰਾ ਕਮਰਾ ਭੀ ਗ਼ਜ਼ਲ ਜੈਸਾ ਥਾ।**

ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਾ ਚੌਖਟਾ ਤਿਆਰ ਕਰਨ ਨੂੰ ਵਿਉਂਤ ਕਿਹਾ ਜਾਂਦਾ ਹੈ। ਸਿਆਣੇ ਆਖਦੇ ਹਨ ਜੇ ਪਹਿਲਾਂ ਸੋਚ ਸਮਝ ਕੇ ਹਰ ਕੰਮ ਵਿਉਂਤਿਆ ਜਾਵੇ ਤਾਂ ਕਿਉਂਟਿਆ ਵੀ ਵਧੀਆ ਜਾਂਦਾ ਹੈ। ਕਿਸੇ ਤਰਤੀਬ ਅਨੁਸਾਰ ਵਿੱਢਿਆ ਤੇ ਸਮਟਿਆ ਕੰਮ ਹੀ ਖ਼ੂਬਸੂਰਤ ਨਿਭਦਾ ਹੈ। ਜ਼ਿੰਦਗੀ ਦਾ ਚੌਖਟਾ ਵੀ ਸੋਚਾਂ ਵਿੱਚ ਉਲੀਕ ਕੇ ਹੀ ਹਰ ਕੋਈ ਇੱਕ ਸੁਪਨ-ਸੰਸਾਰ ਉਸਾਰਦਾ ਹੈ।

ਵਿਉਂਤ ਕੇ ਉਸਾਰਿਆ ਕੋਈ ਵੀ ਕੰਮ ਆਪਣੀ ਦਿੱਖ ਵਧੀਆ ਬਣਾ ਲੈਂਦਾ ਹੈ। ਦੂਜਾ ਕਿਸੇ ਵਿਉਂਤ ਦੇ ਆਖੇ ਕੀਤਾ ਕੰਮ ਅਕਾਊ ਜਾਂ ਥਕੇਵੇਂ ਵਾਲ਼ਾ ਨਹੀਂ ਹੁੰਦਾ। ਅਸੀਂ ਜਦੋਂ ਛੋਟੇ ਸੀ, ਮਾਵਾਂ ਧਾਗਾ-ਧਾਗਾ ਜੋੜਦੀਆਂ ਧੀਆਂ ਦਾ ਦਾਜ ਸਹੇਜਦੀਆਂ ਸਨ। ਕਿਸੇ ਜੱਟ ਦਾ ਵਾਹਿਆ ਤੇ ਬੀਜਿਆ ਖੇਤ ਇੱਕ ਖ਼ੂਬਸੂਰਤ ਕਲਾ-ਕ੍ਰਿਤ ਲਗਦਾ ਹੈ। ਇਉਂ ਹੀ ਦੁਕਾਨਦਾਰ ਸਾਮਾਨ ਕਿੰਨਾ ਹੀ ਸਲੀਕੇ ਨਾਲ਼, ਸੂਝ ਅਤੇ ਤਰਤੀਬ ਨਾਲ਼ ਥੋੜ੍ਹੀ ਜਿਹੀ ਥਾਂ 'ਤੇ ਸਜਾ ਕੇ ਰਖਦੇ ਹਨ। ਇਉਂ ਹੀ ਅਧਿਆਪਕ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨਾਲ਼ ਵਿਦਿਆਰਥੀ ਜੀਵਨ ਨੂੰ ਸੇਧ ਪਰੋਸਦੇ ਭਵਿੱਖੀ ਸੁਪਨੇ ਵਿਉਂਤਦੇ ਹਨ। ਮਨੁੱਖ ਨੇ ਜਿੰਨੀ ਵੀ ਉੱਨਤੀ ਕੀਤੀ ਹੈ ਇਹ ਸਭ ਹੋ ਚੁੱਕੇ ਲੋਕਾਂ ਨੇ ਇੱਕ ਵਿਉਂਤ ਅਧੀਨ ਹੀ ਜ਼ਿੰਦਗੀ ਨੂੰ ਢਾਲਣ ਹਿਤ ਇੱਕ ਤਰਤੀਬ ਦਿੱਤੀ ਹੈ। ਜਿਵੇਂ ਸਾਡੇ ਸਭ ਰਾਜਸੀ ਨੇਤਾ ਲੋਕਾਂ ਦੀ ਰੁਚੀ ਅਨੁਸਾਰ ਵੋਟਾਂ ਦਾ ਵਪਾਰ ਕਿਵੇਂ ਕਰਨਾ ਹੈ, ਇੱਕ ਤਰਤੀਬਵਾਰ ਸਾਜ਼ਿਸ਼ ਵਾਂਗ ਰਚਦੇ ਹਨ। ਪਰ ਇਕੱਲੀਆਂ ਵਿਉਂਤਾਂ ਬਣਾ ਕੇ ਬੈਠਣ ਨਾਲ਼ ਕਾਰਜ ਸਿਰੇ ਨਹੀਂ ਚੜ੍ਹਦਾ। ਕੋਈ ਵਿਦਿਆਰਥੀ ਪੇਪਰ ਦੇਣ ਸਮੇ ਵਕਤ ਅਤੇ ਸਵਾਲਾਂ ਵਿੱਚਲੇ ਸ਼ਬਦਾਂ ਨੂੰ ਵਿਉਂਤ ਅਨੁਸਾਰ ਨਿਭਾਉਂਦਾ ਹੈ। ਵਿਉਂਤ ਭਵਿੱਖੀ ਸਮੇ ਨਾਲ਼ ਸੰਬੰਧਤ ਕਾਰਜ ਹੈ। ਇੱਕ ਸਾਖੀ ਅਨੁਸਾਰ ਕਿਸੇ ਪੇਂਟਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਬਣਾਈ। ਉਸ ਦੀ ਨਕਾਰਾ ਅੱਖ ਨਾਲ਼ ਨਿਸ਼ਾਨਾ ਸੇਧ ਕੇ ਉਸ ਅੱਖ ਨੂੰ ਮੀਚੀ ਦਿਖਾ ਕੇ ਕਲਾ ਦਾ ਨਮੂਨਾ ਪੇਸ਼ ਕਰ ਦਿੱਤਾ ਸੀ। ਵਿਉਂਤ ਉਸਾਰਨਾ ਭਵਿੱਖੀ ਯੋਜਨਾਬੰਦੀ ਹੁੰਦੀ ਹੈ। ਜ਼ਰੂਰੀ ਨਹੀਂ ਕਿ ਆ ਰਿਹਾ ਸਮਾ ਸਾਡੀ ਸੋਚੀ ਸਮਝੀ ਵਿਉਂਤ ਅਨੁਸਾਰ ਨੇਪਰੇ ਚੜ੍ਹੇ। ਕਈ ਵਾਰੀ 'ਆਦਮੀ ਜੋੜੇ ਪਲ਼ੀ-ਪਲ਼ੀ ਤੇ ਰਾਮ ਰੁੜ੍ਹਾਵੇ ਕੁੱਪਾ' ਵੀ ਹੋ ਜਾਂਦਾ ਹੈ। ਪਰ ਕਿਸੇ ਕਸੂਤੇ ਸਮੇ ਅਸੀਂ ਲੋਕਾਂ ਨੂੰ ਮਦਦ ਲਈ ਹਾਕਾਂ ਮਾਰਨ ਸਮੇ ਵੀ ਵਿਉਂਤ ਅਨੁਸਾਰ ਹੀ ਨਿਭਦੇ ਹਾਂ ਕਿ ਸਾਕ-ਸੰਬੰਧੀਆਂ ਦੀ ਪੁਣਛਾਣ ਕਰ ਕੇ ਹੀ ਮਦਦ ਦੀ ਗੁਹਾਰ ਲਗਾ ਸਕਦੇ ਹਾਂ। ਕਈ ਲੋਕ ਗੱਲ ਕਰਨ ਲੱਗੇ ਹੀ ਗੱਡੀ ਕੱਚੇ ਲਾਹ ਲੈਂਦੇ ਹਨ।ਅਸਲੀ ਨੁਕਤੇ ਤਕ ਅਪੜਨ ਲਈ ਸ਼ਬਦਾਂ ਦੀ ਤਰਤੀਬ ਜ਼ਰੂਰੀ ਹੈ। ਲਿਖਣ ਜਾਂ ਬੋਲਣ ਸਮੇ ਵਿਚਾਰਾਂ ਦੀ ਵਿਉਂਤ ਜ਼ਰੂਰੀ ਹੈ। ਕਿਹਾ ਜਾਂਦਾ ਹੈ ਸੋਚ ਸਮਝ ਕੇ ਚੁੱਕਣੇ ਚਾਹੀਦੇ ਹਨ - ਕਲਮ, ਕਦਮ ਅਤੇ ਕਸਮ। ਸ਼ਬਦਾਂ ਦੀ ਹੀ ਖ਼ੂਬਸੂਰਤ ਤਰਤੀਬ ਕਵਿਤਾ ਜਾਂ ਪਿਆਰ ਦੀ ਭਾਸ਼ਾ ਬਣਦੀ ਹੈ। ਇਸ ਤੋਂ ਉਲਟ ਸ਼ਬਦਾਂ ਦੀ ਭੱਦੀ ਸ਼ਕਲ ਜਾਂ ਬੇ-ਤਰਤੀਬੀ ਗਾਲ਼ ਵੀ ਬਣ ਸਕਦੀ ਹੈ। ਕਾਰੀਗਰ ਜਦੋਂ ਇੱਟਾਂ ਨਾਲ਼ ਕੰਧ ਉਸਾਰਦਾ ਹੈ ਤਾਂ ਕੰਧ ਦੀਆਂ ਵਿਰਲਾਂ ਵਿੱਚ ਇੱਟਾਂ ਦੇ ਟੁਕੜੇ ਕਿਵੇਂ ਫਿੱਟ ਕਰਨੇ ਹਨ, ਇਹ ਵਿਉਂਤ ਹੀ ਸਿਖਾ ਸਕਦੀ ਹੈ। ਪੱਛਮੀ ਮੁਲਕਾਂ ਵਿੱਚ ਗੋਰੇ ਦੁਨੀਆਂ ਦੇਖਣ ਲਈ ਆਪਣੀਆਂ ਛੁੱਟੀਆਂ ਅਤੇ ਸਫ਼ਰ ਦੀ ਵਿਉਂਤ ਕਾਫ਼ੀ ਅਰਸਾ ਪਹਿਲਾਂ ਬਣਾ ਕੇ ਚੌਖਟਾ ਤਿਆਰ ਕਰਦੇ ਨਕਸ਼ਾ ਦੇਖ ਕੇ ਅਤੇ ਸਮਾ ਦੇਖ ਕੇ ਵਿਉਂਤ ਲੈਂਦੇ ਹਨ। ਸਮੇ ਦਾ ਸਦਉਪਯੋਗ ਹੁੰਦਾ ਹੈ। ਜਦੋਂ ਕਿ ਸਾਡੇ ਸੁਭਾਅ ਵਿੱਚ ਅਜਿਹਾ ਕੰਮ ਸੁਤੇ ਸਿਧ ਹੀ ਬੇ-ਤਰਤੀਬਾ ਨਿਭਦਾ ਹੈ। ਘਰ ਦੀ ਆਰਥਿਕਤਾ ਨੂੰ ਸੁਆਣੀਆਂ ਦੁਆਰਾ ਬਚਾ ਕੇ ਰੱਖੇ ਪੈਸੇ ਔਖੇ ਵੇਲ਼ੇ ਠੁੰਮ੍ਹਣਾ ਬਣਦੇ ਹਨ। ਨੋਟ-ਬੰਦੀ ਵੇਲ਼ੇ ਔਰਤਾਂ ਕੋਲ਼ੋਂ ਜੋੜ ਕੇ ਤੇ ਛੁਪਾ ਕੇ ਰੱਖਿਆ ਧਨ ਮਿਲਣ ਦੀਆਂ ਕਨਸੋਆਂ ਨਾਲ਼ ਇਹ ਸਾਬਤ ਹੋ ਗਿਆ ਸੀ। ਵੇਖਿਆ ਜਾਵੇ ਤਾਂ ਹਰ ਧਰਮ ਹੀ ਇਸ ਵਿਉਂਤ ਅਨੁਸਾਰ ਮਨੁੱਖੀ ਜੀਵਨ ਨੂੰ ਸਿੱਧੇ ਰਾਹ ਦਾ ਇੱਕ ਅਨੁਸ਼ਾਸ਼ਨ ਦਸਦਾ ਹੈ। ਧਾਰਮਿਕ ਸਥਾਨ ਅੰਦਰ ਨਿਭਦੀ ਇੱਕ ਤਰਤੀਬ ਹੀ ਸਾਡੇ ਸੁਭਾਅ ਨੂੰ ਉਸਾਰਦੀ ਤੇ ਸੰਵਾਰਦੀ ਹੈ। ਇੱਕ ਮਿੱਤਰ ਦੂਜੇ ਨਾਲ਼ ਘਰ ਦੀਆਂ ਗੱਲਾਂ ਕਰਦਾ ਪੁੱਛ ਰਿਹਾ ਸੀ- ਕੀ ਬੱਚੇ ਹਨ ? ਦੂਜਾ ਕਹਿ ਰਿਹਾ ਸੀ - ਪਹਿਲਾਂ ਪੁੱਤਰ ਸੀ, ਹੁਣ ਬੇਟੀ ਹੋਈ ਹੈ। ਤਾਂ ਪਹਿਲੇ ਨੇ ਤਸੱਲੀ ਨਾਲ਼ ਕਿਹਾ - ਚਲੋ ਟੱਬਰ ਕਿਉਂਟਿਆ ਗਿਆ। ਮੈਨੂੰ ਉਸ ਦੀ ਇਹ ਤਸੱਲੀ ਪਰੋਸਣੀ ਭਾਵਾਂ ਦੇ ਮੇਚ ਦੀ ਲੱਗੀ। ਤਰਤੀਬ ਨਾਲ਼ ਕੀਤੀ ਹਰ ਹਰਕਤ ਹੀ ਹੁਨਰਮਈ ਹੁੰਦੀ ਹੈ। ਹਰ ਮਨੁੱਖ ਦਾ ਆਪਣਾ ਅੰਦਾਜ਼ ਹੈ ਕਿ ਕੁੱਝ ਲੋਕ ਛਤਰੀ ਵੀ ਬੰਦੂਕ ਵਾਂਗ ਤਾਣਦੇ ਹਨ, ਤੇ ਕੁੱਝ ਲੋਕ ਬੰਦੂਕ ਵੀ ਬੰਸਰੀ ਵਾਂਗ ਫੜਦੇ ਹਨ।

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ, ਜੂਨ ਮਹੀਨੇ ਦੀਆਂ ਸ਼ਹਾਦਤਾਂ ਅਤੇ ਪਿਤਾ ਦਿਵਸ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮਿਲਣੀ ਮੌਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਜੂਨ 1984 ਦੇ ਲਹੂ ਭਿੱਜੇ ਇਤਿਹਾਸ ਅਤੇ ਪਿਤਾ ਦਿਵਸ ਦੀ ਚਰਚਾ ਵੀ ਹੋਈ। ਸਭਾ ਦੇ ਕੋਆਰਡੀਨੇਟਰ ਸ੍ਰੀ ਮਤੀ ਗੁਰਚਰਨ ਕੌਰ ਥਿੰਦ ਜੀ ਨੇ ਚਾਰ ਜੂਨ 1984 ਦੀ ਆਪ ਬੀਤੀ ਘਟਨਾ ਸੁਣਾਈ। ਸਭਾ ਵਿਚ ਨਵੀਆਂ ਆਈਆਂ ਭੈਣਾਂ, ਕੁਲਦੀਪ ਕੌਰ, ਸਿਮਰ ਕੌਰ, ਗੁਰਜੀਤ ਕੌਰ, ਸ਼ਲਿੰਦਰ ਕੌਰ ਸ਼ੈਲੀ ਅਤੇ ਮੌਨਿਕਾ ਜੀ ਨੇ ਆਪਣੀ ਜਾਣ ਪਹਿਚਾਣ ਕਰਵਾਈ ਅਤੇ ਸਾਰੀਆਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਗੁਰਜੀਤ ਕੌਰ ਬੈਦਵਾਣ, ਜਸਮਿੰਦਰ ਕੌਰ ਬਰਾੜ, ਬਲਬੀਰ ਹਜ਼ੂਰੀਆਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਕਵਿਤਾਵਾਂ ਸੁਣਾਈਆਂ। ਅਮਰਜੀਤ ਕੌਰ ਗਰੇਵਾਲ ਅਤੇ ਭਗਵੰਤ ਕੌਰ ਜੀ ਨੇ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨੂੰ ਸਮਰਪਿਤ ਕਵੀਸ਼ਰੀ ਪੂਰੇ ਜੋਸ਼ ਨਾਲ ਗਾਈ। ਭੈਣ ਨਛੱਤਰ ਕੌਰ ਨੇ ਹੱਡੀਂ ਹੰਢਾਏ 84 ਦੇ ਦਹਾਕੇ ਦਾ ਰੋ ਰੋ ਕੇ ਹਾਲ ਸੁਣਾਇਆ।

ਕਿਵੇਂ ਉਸ ਦੇ ਪਤੀ ਨੂੰ ਅਣਮਨੁੱਖੀ ਤਸ਼ੱਦਦ ਦਿੱਤੇ। ਸਿਰ ਵਿੱਚ ਗਰਮ ਗਰਮ ਪਾਣੀ ਪਾਇਆ। ਪ੍ਰੈਗਨੈਂਸੀ ਦੀ ਹਾਲਤ ਵਿੱਚ ਉਸ ਤੇ ਵੀ ਜ਼ੁਲਮ ਹੋਇਆ ਅਤੇ ਸਭ ਤੋਂ ਨੇੜਲੇ ਰਿਸ਼ਤੇਦਾਰ ਵੀ ਸਾਥ ਛੱਡ ਗਏ। ਰਾਜਿੰਦਰ ਕੌਰ ਚੋਹਕਾ ਨੇ ਪਿਤਾ ਦਿਵਸ ਦਾ ਇਤਿਹਾਸ ਦੱਸਿਆ ਅਤੇ ਪਿਤਾ ਨੂੰ ਸਮਰਪਿਤ ਇੱਕ ਕਵਿਤਾ ਵੀ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਜੀ ਨੇ ਪਿਤਾ ਦੀ ਯਾਦ ਨੂੰ ਸਮਰਪਿਤ ਆਪਣੀ



ਲਿਖੀ ਕਵਿਤਾ ਤਰੰਨਮ ਨਾਲ ਸੁਣਾਈ। ਸਰਬਜੀਤ ਕੌਰ ਉੱਪਲ, ਸੁਰਿੰਦਰ ਕੌਰ ਸੰਧੂ, ਸੁਖਵਿੰਦਰ ਕੌਰ ਬਾਠ, ਬਲਵਿੰਦਰ ਕੌਰ ਜੱਸਲ, ਅਮਰਜੀਤ ਕੌਰ ਵਿਰਦੀ ਅਤੇ ਚਰਨਜੀਤ ਕੌਰ, ਸਾਰੀਆਂ ਭੈਣਾਂ ਨੇ ਪਿਤਾ ਦੀ ਯਾਦ ਵਿੱਚ ਕਵਿਤਾਵਾਂ ਸੁਣਾਈਆਂ। ਜੁਗਿੰਦਰ ਪੁਰਬਾ ਮਾਂ ਦੀ ਗੱਲ ਕਰਦਿਆਂ ਭਾਵਕ ਹੋ ਗਏ। ਹਰਬੰਸ ਕੌਰ ਪੇਲੀਆ ਨੇ ਟੱਪੇ ਅਤੇ ਕੁਲਵੰਤ ਕੌਰ ਗਿੱਲ ਅਤੇ ਹਰਜੀਤ ਕੌਰ ਜੌਹਲ ਨੇ ਲੋਕ ਗੀਤ ਗਾਏ ਕੁਲਦੀਪ ਕੌਰ ਘਟੌੜਾ ਨੇ ਆਪਣੀ ਲਿਖੀ ਰਚਨਾ ਵਿੱਚੋਂ ਸਵਾਲ ਪੁਛਿਆ ਅਤੇ ਜਵਾਬ ਦੇਣ ਵਾਲੀ ਚਰਨਜੀਤ ਕੌਰ ਨੂੰ ਗਿਫ਼ਟ ਵੀ ਦਿੱਤਾ। ਅਖੀਰ ਵਿੱਚ ਡਾ: ਅਮਨਦੀਪ ਕੌਰ ਵੀ ਭੈਣਾਂ ਲਈ ਮਿਠਾਈ ਲੈ ਕੇ ਉਚੇਚੇ ਤੌਰ ਤੇ ਹਾਜ਼ਰ ਹੋਏ।

## 'ਕੌਮਾਂਤਰੀ ਯੂ.ਐਫ਼.ਓ.ਦਿਵਸ ' 'ਤੇ ਵਿਸ਼ੇਸ਼

# ਅਜੇ ਵੀ ਰਹੱਸ ਦੇ ਪਰਦੇ ਹੇਠ ਹੈ ਉੱਡਣ ਤਸ਼ਤਰੀਆਂ ਦੀ ਦਾਸਤਾਨ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**ਮੋਬਾ : 97816-46008**

ਅਜੋਕਾ ਯੁਗ ਅਤਿ ਆਧੁਨਿਕ ਵਿਗਿਆਨ ਅਤੇ ਤਕਨੀਕ ਦਾ ਯੁਗ ਮੰਨਿਆ ਜਾਦਾ ਹੈ ਤੇ ਅਜੋਕੇ ਮਨੁੱਖ ਨੇ ਪਤਾਲ ਤੋਂ ਲੈ ਕੇ ਆਕਾਸ਼ ਮੰਡਲਾਂ ਦੇ ਗਰਭ ਵਿਚ ਲੁਕੇ ਕਈ ਰਹੱਸ ਖੋਜ ਲਿਆਂਦੇ ਹਨ। ਇੰਨੇ ਹਾਈ-ਟੈੱਕ ਯੁਗ ਦੇ ਬਾਵਜੂਦ ਅਜੇ ਵੀ 'ਯੂ.ਐਫ਼.ਓ.' ਭਾਵ ਦੂਜੇ ਗ੍ਰਹਿਆਂ ਤੋਂ ਧਰਤੀ ਦੇ ਥਲ ਜਾਂ ਅਕਾਸ਼ੀ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੀਆਂ ਉੱਡਣ-ਤਸ਼ਤਰੀਆਂ ਦਾ ਰਹੱਸ ਉਸੇ ਤਰ੍ਹਾਂ ਹੀ ਬਰਕਰਾਰ ਹੈ। ਬਹੁਤ ਸਾਰੇ ਮੁਲਕਾਂ ਦੇ ਵਿਗਿਆਨੀ ਇਨ੍ਹਾ ਉੱਡਣ-ਤਸ਼ਤਰੀਆਂ ਬਾਰੇ ਜਾਣਦੇ ਹੋਏ ਵੀ ਅਣਜਾਣ ਬਣਨ ਦਾ ਢੌਂਗ ਕਰ ਰਹੇ ਹਨ ਤੇ ਸੱਚ ਦੁਨੀਆਂ ਦੇ ਸਾਹਮਣੇ ਨਹੀਂ ਰੱਖ ਰਹੇ ਹਨ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਆਮ ਲੋਕਾਂ ਅਤੇ ਵਿਗਿਆਨੀਆਂ ਵੱਲੋਂ ਅਕਾਸ਼ ਵਿੱਚ ਉੱਡਣ ਤਸ਼ਤਰੀਆਂ ਵੇਖੇ ਜਾਣ ਦੇ ਦਾਅਵੇ ਅਨੇਕਾਂ ਵਾਰ ਕੀਤੇ ਗਏ ਹਨ ਪਰ ਕੋਈ ਸਵੀਕਾਰਨ ਯੋਗ ਠੋਸ ਸਬੂਤ ਸਾਹਮਣੇ ਲਿਆਉਣ ਵਿੱਚ ਹਰ ਕੋਈ ਨਾਕਾਮ ਰਿਹਾ ਹੈ। ਕੁਝ ਦੇਸ਼ਾਂ ਦੀਆਂ ਸਰਕਾਰਾਂ 'ਤੇ ਦੋਸ਼ ਲੱਗਦਾ ਹੈ ਕਿ ਉਨ੍ਹਾ ਕੋਲ ਦੂਜੇ ਗ੍ਰਹਿਆਂ ਤੋਂ ਧਰਤੀ 'ਤੇ ਆਉਣ ਵਾਲੇ ਪੁਲਾੜੀ ਵਾਹਨਾਂ ਅਤੇ ਦੂਜੇ ਗ੍ਰਹਿ ਦੇ ਬਾਸ਼ਿੰਦਿਆਂ ਸਬੰਧੀ ਮਹੱਤਵਪੂਰਨ ਜਾਣਕਾਰੀਆਂ ਮੌਜੂਦ ਹਨ ਪਰ ਉਹ ਦੁਨੀਆਂ ਦੇ ਸਾਹਮਣੇ ਸੱਚ ਲਿਆਉਣ ਲਈ ਰਾਜ਼ੀ ਨਹੀਂ ਹਨ ਤੇ ਸੰਦੇਹਪੂਰਨ ਢੰਗ ਨਾਲ ਕੁਝ ਲੁਕਾਉਂਦੇ ਹੋਏ ਪ੍ਰਤੀਤ ਹੁੰਦੇ ਹਨ।

2 ਜੁਲਾਈ ਦਾ ਦਿਨ ਦੁਨੀਆਂ ਭਰ ਵਿੱਚ 'ਵਿਸ਼ਵ ਯੂ.ਐਫ.ਓ. ਦਿਵਸ' ਵਜੋਂ ਮਨਾਇਆ ਜਾਂਦਾ ਹੈ। ਅੰਗਰੇਜ਼ੀ ਦੇ ਸ਼ਬਦ ਯੂ.ਐਫ.ਓ.ਦਾ ਵਿਸਥਾਰ 'ਅਨਆਈਡੈਂਟੀਫ਼ਾਈਡ ਆਬਜੈਕਟ' ਭਾਵ 'ਬੇਪਛਾਣ ਵਸਤੂ ' ਵਜੋਂ ਲਿਆ ਜਾਂਦਾ ਹੈ ਤੇ ਇਸ ਸ਼ਬਦ ਦੀ ਵਰਤੋਂ ਦੂਜੇ ਗ੍ਰਹਿਆਂ ਤੋਂ ਆਉਣ ਵਾਲੇ ਵਾਹਨਾਂ ਦੇ ਸਬੰਧ ਵਿੱਚ ਕੀਤੀ ਜਾਂਦੀ ਹੈ ਜਿਨ੍ਹਾ ਦੇ ਕਿ ਅਸਲੀ ਜਾਂ ਕਾਲਪਨਿਕ ਹੋਣ ਸਬੰਧੀ ਬਹਿਸ ਕਈ ਵਰ੍ਹਿਆਂ ਤੋਂ ਚੱਲਦੀ ਆ ਰਹੀ ਹੈ। ਬੜੀ ਦਿਲਚਸਪ ਗੱਲ ਹੈ ਕਿ ਪੁਲਾੜੀ ਮਾਮਲਿਆਂ ਵਿਚ ਦਿਲਚਸਪੀ ਰੱਖਣ ਵਾਲੇ ਕੁਝ ਲੋਕ 'ਵਿਸ਼ਵ ਯੂ.ਐਫ.ਓ. ਦਿਵਸ' 24 ਜੂਨ ਨੂੰ ਮਨਾਉਣ ਦੀ ਵਕਾਲਤ ਕਰਦੇ ਹਨ ਜਦੋਂ ਕਿ ਸਮੂਹ ਵੱਡੀਆਂ ਜਥੇਬੰਦੀਆਂ ਅਤੇ ਵੱਡੀ ਸੰਖਿਆ ਵਿਚ ਲੋਕ 2 ਜੁਲਾਈ ਦੇ ਦਿਨ ਹੀ ਇਹ ਦਿਵਸ ਮਨਾਉਂਦੇ ਹਨ। ਇਸ ਦੁਚਿੱਤੀ ਦਾ ਕਾਰਨ ਕੁਝ ਇਸ ਤਰ੍ਹਾਂ ਹੈ ਕਿ 24 ਜੂਨ,1947 ਨੂੰ ਅਮਰੀਕਾ ਵਿਖੇ ਇੱਕ 'ਉੱਡਣ ਤਸ਼ਤਰੀ 'ਵੇਖੇ ਜਾਣ ਦੀ ਖ਼ਬਰ ਪ੍ਰਾਪਤ ਹੋਈ ਸੀ ਤੇ ਅੱਗ ਵਾਂਗ ਦੇਸ਼ ਭਰ ਵਿੱਚ ਫ਼ੈਲੀ ਸੀ ਜਦੋਂ ਕਿ 2 ਜੁਲਾਈ, 1947 ਨੂੰ ਕਿਸੇ ਉੱਡਣ ਤਸ਼ਤਰੀ ਦੇ ਹਾਦਸਾਗ੍ਰਸਤ ਹੋ ਕੇ ਧਰਤੀ 'ਤੇ ਡਿੱਗਣ ਅਤੇ ਉਸਦਾ ਮਲਬਾ ਬਰਾਮਦ ਹੋਣ ਦੀ ਖ਼ਬਰ ਪਹਿਲੀ ਵਾਰ ਸਾਹਮਣੇ ਆਈ ਸੀ। ਇਸ ਵਿਸ਼ੇ ਨਾਲ ਸਬੰਧਿਤ ਆਪੋ-ਆਪਣੇ ਮਤ ਮੁਤਾਬਿਕ ਇਹ ਦਿਵਸ ਵੱਖ-ਵੱਖ ਮਿਤੀਆਂ ਨੂੰ ਮਨਾਏ ਜਾਣ ਦੀ ਗੱਲ ਹੁੰਦੀ ਹੈ ਪਰ ਹਕੀਕਤਨ 2 ਜੁਲਾਈ ਨੂੰ ਹੀ ਪ੍ਰਮਾਣਿਕ ਤੌਰ 'ਤੇ ਇਹ ਦਿਵਸ ਦੁਨੀਆਂ ਭਰ ਵਿਚ ਮਨਾਇਆ ਜਾਂਦਾ ਹੈ।

ਬੜੀ ਮਹੱਤਵਪੂਰਨ ਗੱਲ ਹੈ ਕਿ ਉੱਡਣ ਤਸ਼ਤਰੀਆਂ ਵੇਖਣ ਦਾ ਦਾਅਵਾ ਕਰਨ ਵਾਲੇ ਇਨਸਾਨਾਂ ਅਤੇ ਵਿਗਿਆਨੀਆਂ ਦੀਆਂ ਗੱਲਾਂ ਦਾ ਸੰਤੁਸ਼ਟੀਜਨਕ ਜਵਾਬ ਅਜੇ ਤੱਕ ਆਇਆ ਨਹੀਂ ਹੈ ਜਿਸ ਕਰਕੇ ਉੱਡਣ ਤਸ਼ਤਰੀਆਂ ਦੀ ਹੋਂਦ ਬਾਰੇ ਚਰਚਾ ਦੁਨੀਆਂ ਭਰ ਵਿੱਚ ਨਿਰੰਤਰ ਜਾਰੀ ਹੈ। ਇਸ ਵਿਸ਼ੇ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਅਤੇ 'ਵਰਲਡ ਯੂ.ਐਫ਼.ਓ. ਆਰਗੇਨਾਈਜ਼ੇਸ਼ਨ' ਸਮੇਤ ਕੁਝ ਹੋਰ ਜਥੇਬੰਦੀਆਂ ਵੱਲੋਂ 2 ਜੁਲਾਈ ਦੇ ਦਿਨ 'ਵਰਲਡ ਯੂ.ਐਫ਼.ਓ. ਡੇਅ' ਬੜੇ ਜੋਸ਼ੋ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਇਹ ਦੱਸਿਆ ਜਾਂਦਾ ਹੈ ਕਿ ਇਸ ਦਿਨ ਇਸ ਵਿਸ਼ੇ ਸਬੰਧੀ ਹਾਂ-ਪੱਖੀ ਸੋਚ ਰੱਖਣ ਵਾਲੇ ਲੋਕਾਂ ਦੀ ਗਿਣਤੀ ਵਧਣੀ ਚਾਹੀਦੀ ਹੈ ਤੇ ਇਹ ਤੱਥ ਸਵੀਕਰਾਨਾ ਚਾਹੀਦਾ ਹੈ ਕਿ ਧਰਤੀ 'ਤੇ ਰਹਿੰਦੇ ਮਨੁੱਖਾਂ ਤੋਂ ਇਲਾਵਾ ਬ੍ਰਹਿਮੰਡ ਦੇ ਕਿਸੇ ਹੋਰ ਹਿੱਸੇ ਵਿੱਚ ਜਾਂ ਕਿਸੇ ਹੋਰ ਗ੍ਰਹਿ ਉੱਤੇ ਕੋਈ ਹੋਰ ਸੱਭਿਅਤਾ ਜੀਵਿਤ ਹੈ। ਇਸ ਦਿਨ ਨੂੰ ਮਨਾਉਣ ਪਿੱਛੇ ਇਹ ਮੰਤਵ ਵੀ ਦੱਸਿਆ ਜਾਂਦਾ ਹੈ ਕਿ ਉੱਡਣ ਤਸ਼ਤਰੀਆਂ ਵੇਖਣ ਦਾ ਦਾਅਵਾ ਕਰਨ ਵਾਲੇ ਲੋਕ ਇਸ ਦਿਨ ਪ੍ਰਮਾਣ ਲੈ ਕੇ ਲੋਕਾਂ ਅਤੇ ਮੀਡੀਆ ਸਾਹਮਣੇ ਆਉਣ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਉੱਡਣ ਤਸ਼ਤਰੀਆਂ ਸਬੰਧੀ ਆਪਣੀਆਂ ਗੁਪਤ ਜਾਣਕਾਰੀਆਂ ਨੂੰ ਜਨਤਕ ਕਰਨ। ਸਾਲ 2001 ਵਿੱਚ ਇਹ ਦਿਵਸ ਪਹਿਲੀ ਵਾਰ ਦੁਨੀਆਂ ਭਰ ਵਿੱਚ ਮਨਾਇਆ ਗਿਆ ਸੀ। 'ਵਰਲਡ ਯੂ.ਐਫ਼.ਓ. ਆਰਗੇਨਾਈਜ਼ੇਸ਼ਨ' ਨਾਮਕ ਕੌਮਾਂਤਰੀ ਜਥੇਬੰਦੀ ਤਾਂ ਇਸ ਦਿਵਸ ਮੌਕੇ ਇਸ ਵਿਸ਼ੇ ਦੇ ਵਿਸਥਾਰ ਹਿਤ ਵੱਖ-ਵੱਖ ਸੈਮੀਨਾਰ, ਵਰਕਸ਼ਾਪ ਅਤੇ ਹੋਰ ਸਮਾਗਮ ਵੱਡੇ ਪੱਧਰ 'ਤੇ ਕਰਵਾਉਂਦੀ ਹੈ।




**ਮੈਕ ਬ੍ਰੇਜ਼ਲ ਨਾਮਕ ਇਕ ਹੋਰ ਸ਼ਖ਼ਸ ਨੇ ਵੀ 7 ਜੁਲਾਈ, 1947 ਨੂੰ ਰੋਜ਼ਵੈੱਲ ਦੇ ਸ਼ੈਰਿਫ਼ ਨੂੰ ਸੂਚਿਤ ਕੀਤਾ ਸੀ ਕਿ ਉਸਨੇ ਵੀ ਕਿਸੇ ਹਾਦਸਾਗ੍ਰਸਤ ਉੱਡਣ ਤਸ਼ਤਰੀ ਦਾ ਮਲਬਾ ਆਪਣੀ ਅੱਖੀਂ ਵੇਖਿਆ ਸੀ ਪਰ ਉਸਨੇ ਕਿਸੇ ਨੂੰ ਇਸ ਬਾਰੇ ਇਸ ਕਰਕੇ ਨਹੀਂ ਦੱਸਿਆ ਸੀ ਕਿ ਲੋਕ ਉਸਦੀ ਗੱਲ ਦਾ ਯਕੀਨ ਨਹੀਂ ਕਰਨਗੇ ਤੇ ਉਸਦਾ ਮਜ਼ਾਕ ਉਡਾਉਣਗੇ ਪਰ ਇਸ ਘਟਨਾ ਸਬੰਧੀ ਜਦੋਂ ਆਰਨਾਲਡ ਤੇ ਕੁਝ ਹੋਰ ਲੋਕਾਂ ਨੇ ਜਾਣਕਾਰੀ ਜਨਤਕ ਕੀਤੀ ਤਾਂ ਉਸਦੇ ਅੰਦਰ ਵੀ ਸੱਚ ਦੱਸਣ ਦੀ ਹਿੰਮਤ ਪੈਦਾ ਹੋ ਗਈ ਸੀ ਤੇ ਉਸਨੇ ਸ਼ੈਰਿਫ਼ ਨੂੰ ਸਾਰੀ ਸੱਚਾਈ ਦੱਸ ਦਿੱਤੀ ਸੀ। 7 ਜੁਲਾਈ, 1947 ਦੇ ਦਿਨ 'ਰੋਜ਼ਵੈੱਲ ਡੇਲੀ ਰਿਕਾਰਡ' ਨਾਮਕ ਅਖ਼ਬਾਰ ਨੇ ਉੱਡਣ ਤਸ਼ਤਰੀ ਸਬੰਧੀ ਖ਼ਬਰ ਆਪਣੇ ਪਹਿਲੇ ਪੰਨੇ ਦੀ ਹੈੱਡਲਾਈਨ ਵਜੋਂ ਪ੍ਰਕਾਸ਼ਿਤ ਕਰਕੇ ਇਲਾਕੇ ਭਰ ਵਿੱਚ ਤਹਿਲਕਾ ਮਚਾ ਦਿੱਤਾ ਸੀ।**

ਬੜੀ ਹੀ ਰੌਚਿਕ ਗੱਲ ਹੈ ਕਿ ਅੰਗਰੇਜ਼ੀ ਦੇ ਵਿਸ਼ਵ ਪ੍ਰਸਿੱਧ ਨਾਵਲਕਾਰ ਐਚ.ਜੀ.ਵੈੱਲਜ਼ ਨੇ ਸੰਨ 1897 ਦੇ ਨੇੜੇ-ਤੇੜੇ ਇਕ ਨਾਵਲ 'ਦਿ ਵਾਰ ਆੱਫ਼ ਦਿ ਵਰਲਡਜ਼' ਰਚਿਆ ਸੀ ਜੋ ਧਰਤੀ ਦੇ ਬਾਸ਼ਿੰਦਿਆਂ ਅਤੇ ਦੂਜੇ ਗ੍ਰਹਿ ਨਾਲ ਸਬੰਧਿਤ ਬਾਸ਼ਿੰਦਿਆਂ ਦਰਮਿਆਨ ਯੁੱਧ ਦੀ ਗੱਲ ਕਰਦਾ ਸੀ ਭਾਵ ਇਹ ਕਿ ਇਹ ਸੋਚ ਉਸ ਵੇਲੇ ਮੌਜੂਦ ਸੀ ਕਿ ਧਰਤੀ ਤੋਂ ਇਲਾਵਾ ਕਿਸੇ ਹੋਰ ਗ੍ਰਹਿ 'ਤੇ ਵੀ ਜੀਵਨ ਅਤੇ ਸੱਭਿਅਤਾ ਦੀ ਮੌਜੂਦਗੀ ਹੈ। ਇਹ ਨਾਵਲ ਸੰਨ 1938 ਵਿੱਚ ਸੀ.ਬੀ.ਐਸ.ਰੇਡੀਓ ਤੋਂ ਆਰਸਨ ਵੈੱਲਜ਼ ਵੱਲੋਂ ਸਰੋਤਿਆਂ ਨੂੰ ਬੜੇ ਦਿਲਚਸਪ ਢੰਗ ਨਾਲ ਪੜ੍ਹ ਕੇ ਸੁਣਾਇਆ ਗਿਆ ਸੀ। ਉਂਜ ਵਿਸ਼ਵ ਇਤਿਹਾਸ ਦੱਸਦਾ ਹੈ ਕਿ ਅੱਜ ਤੋਂ ਕੋਈ ਅਠਾਰ੍ਹਾਂ ਕੁ ਸੌ ਸਾਲ ਪਹਿਲਾਂ 214 ਈਸਵੀ ਵਿੱਚ ਅਤੇ ਫਿਰ 1561 ਈਸਵੀ ਸਮੇਂ ਆਕਾਸ਼ ਵਿੱਚ ਕੁਝ ਅਜੀਬ ਜਿਹੇ ਵਾਹਨ ਉੱਡਦੇ ਵੇਖੇ ਜਾਣ ਦੇ ਵੇਰਵੇ ਦਰਜ ਹਨ। ਅਮਰੀਕੀ ਇਤਿਹਾਸ ਮੁਤਾਬਿਕ 24 ਜੂਨ,1947 ਦੇ ਦਿਨ ਕੈਨੇਥ ਆਰਨਾਲਡ ਨਾਮਕ ਪਾਇਲਟ ਨੇ ਆਕਾਸ਼ ਵਿੱਚ ਕਿਸੇ ਦੂਜੇ ਗ੍ਰਹਿ ਤੋਂ ਆਈ ਉੱਡਣ ਤਸ਼ਤਰੀ ਵੇਖੇ ਜਾਣ ਬਾਰੇ ਜਾਣਕਾਰੀ ਦਿੱਤੀ ਸੀ। ਉਸਨੇ ਦਾਅਵਾ ਕੀਤਾ ਸੀ ਕਿ ਉਸਨੇ 'ਮਾਊਂਟ ਰੇਨੀਅਰ' ਨਾਮਕ ਸਥਾਨ ਦੇ ਨੇੜੇ ਆਸਮਾਨ ਵਿੱਚ 9 ਉੱਡਣ ਤਸ਼ਤਰੀਆਂ ਇਕੱਠੀਆਂ ਉੱਡਦੀਆਂ ਵੇਖੀਆਂ ਸਨ ਜਿਨ੍ਹਾ ਦੀ ਗਤੀ ਪਾਇਲਟ ਆਰਨਾਲਡ ਮੁਤਾਬਿਕ ਅੰਦਾਜ਼ਨ 1932 ਕਿਲੋਮੀਟਰ ਪ੍ਰਤੀ ਘੰਟਾ ਸੀ। ਇਹ ਕਿਸੇ ਮਨੁੱਖ ਵੱਲੋਂ ਆਧੁਨਿਕ ਸਮੇਂ ਅੰਦਰ ਵੇਖੀ ਗਈ ਉੱਡਣ ਤਸ਼ਤਰੀਆਂ ਦੀ ਪਹਿਲੀ ਘਟਨਾ ਮੰਨੀ ਜਾਂਦੀ ਹੈ। ਆਰਨਾਲਡ ਦੁਆਰਾ ਉੱਡਣ ਤਸ਼ਤਰੀਆਂ ਦੀ ਰੂਪ ਰੇਖਾ ਤੇ ਆਕਾਰ ਬਾਰੇ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਉਸ ਵਕਤ ਦੇ ਪੱਤਰਕਾਰਾਂ ਨੇ ਉੱਡਣ ਤਸ਼ਤਰੀਆਂ ਨੂੰ 'ਫ਼ਲਾਇੰਗ ਡਿਸਕਾਂ' ਜਾਂ 'ਫ਼ਲਾਇੰਗ ਸਾਅਸਰ' ਦਾ ਨਾਂ ਦੇ ਕੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰ ਦਿੱਤਾ ਸੀ ਤੇ ਪੇਂਟਰਾਂ ਨੇ ਉੱਡਣ ਤਸ਼ਤਰੀਆਂ ਦੀਆਂ ਕਾਲਪਨਿਕ ਤਸਵੀਰਾਂ ਵੀ ਤਿਆਰ ਕਰਕੇ ਛਾਪ ਦਿੱਤੀਆਂ ਸਨ।

2 ਜੁਲਾਈ, 1947 ਦੇ ਦਿਨ ਅਮਰੀਕੀ ਹਵਾਈ ਫ਼ੌਜ ਦੇ 'ਰੋਜ਼ਵੈੱਲ ਆਰਮੀ ਏਅਰਫ਼ੀਲਡ' ਦੇ ਅਫ਼ਸਰ ਨੇ ਦਾਅਵਾ ਕੀਤਾ ਸੀ ਕਿ ਉਸਨੇ ਗ਼ੁਬਾਰੇ ਰੂਪੀ ਇਕ ਉੱਡਣ ਤਸ਼ਤਰੀ ਨੂੰ ਨਿਊ ਮੈਕਸੀਕੋ ਨੇੜੇ 'ਕੋਰੋਨਾ' ਨਾਮਕ ਰੇਗਿਸਤਾਨੀ ਇਲਾਕੇ ਵਿੱਚ ਨਾ ਕੇਵਲ ਹਾਦਸਾਗ੍ਰਸਤ ਹੁੰਦਿਆਂ ਵੇਖਿਆ ਸੀ ਸਗੋਂ ਉਸ ਹਾਦਸਾਗ੍ਰਸਤ ਉੱਡਣ ਤਸ਼ਤਰੀ ਦਾ ਮਲਬਾ ਵੀ ਬਰਾਮਦ ਕੀਤਾ ਸੀ। ਇਸੇ ਸਬੰਧ ਵਿਚ ਮੈਕ ਬ੍ਰੇਜ਼ਲ ਨਾਮਕ ਇਕ ਹੋਰ ਸ਼ਖ਼ਸ ਨੇ ਵੀ 7 ਜੁਲਾਈ, 1947 ਨੂੰ ਰੋਜ਼ਵੈੱਲ ਦੇ ਸ਼ੈਰਿਫ਼ ਨੂੰ ਸੂਚਿਤ ਕੀਤਾ ਸੀ ਕਿ ਉਸਨੇ ਵੀ ਕਿਸੇ ਹਾਦਸਾਗ੍ਰਸਤ ਉੱਡਣ ਤਸ਼ਤਰੀ ਦਾ ਮਲਬਾ ਆਪਣੀ ਅੱਖੀਂ ਵੇਖਿਆ ਸੀ ਪਰ ਉਸਨੇ ਕਿਸੇ ਨੂੰ ਇਸ ਬਾਰੇ ਇਸ ਕਰਕੇ ਨਹੀਂ ਦੱਸਿਆ ਸੀ ਕਿ ਲੋਕ ਉਸਦੀ ਗੱਲ ਦਾ ਯਕੀਨ ਨਹੀਂ ਕਰਨਗੇ ਤੇ ਉਸਦਾ ਮਜ਼ਾਕ ਉਡਾਉਣਗੇ ਪਰ ਇਸ ਘਟਨਾ ਸਬੰਧੀ ਜਦੋਂ ਆਰਨਾਲਡ ਤੇ ਕੁਝ ਹੋਰ ਲੋਕਾਂ ਨੇ ਜਾਣਕਾਰੀ ਜਨਤਕ ਕੀਤੀ ਤਾਂ ਉਸਦੇ ਅੰਦਰ ਵੀ ਸੱਚ ਦੱਸਣ ਦੀ ਹਿੰਮਤ ਪੈਦਾ ਹੋ ਗਈ ਸੀ ਤੇ ਉਸਨੇ ਸ਼ੈਰਿਫ਼ ਨੂੰ ਸਾਰੀ ਸੱਚਾਈ ਦੱਸ ਦਿੱਤੀ ਸੀ। 7 ਜੁਲਾਈ, 1947 ਦੇ ਦਿਨ 'ਰੋਜ਼ਵੈੱਲ ਡੇਲੀ ਰਿਕਾਰਡ' ਨਾਮਕ ਅਖ਼ਬਾਰ ਨੇ ਉੱਡਣ ਤਸ਼ਤਰੀ ਸਬੰਧੀ ਖ਼ਬਰ ਆਪਣੇ ਪਹਿਲੇ ਪੰਨੇ ਦੀ ਹੈੱਡਲਾਈਨ ਵਜੋਂ ਪ੍ਰਕਾਸ਼ਿਤ ਕਰਕੇ ਇਲਾਕੇ ਭਰ ਵਿੱਚ ਤਹਿਲਕਾ ਮਚਾ ਦਿੱਤਾ ਸੀ। ਅਮਰੀਕੀ ਫ਼ੌਜ ਨੇ ਇਸ ਖ਼ਬਰ ਦੇ ਬਿਲਕੁਲ ਉਲਟ ਸਬੰਧਿਤ ਉੱਡਣ ਤਸ਼ਤਰੀ ਦਾ ਸਾਰਾ ਮਲਬਾ ਚੁੱਕ ਕੇ ਲੁਕਾ ਲਿਆ ਤੇ ਖ਼ਬਰ ਪ੍ਰਕਾਸਿਤ ਹੋਣ ਦੇ 24 ਘੰਟੇ ਦੇ ਅੰਦਰ ਇਹ ਖ਼ਬਰ ਫ਼ੈਲਾਅ ਦਿੱਤੀ ਕਿ 'ਉੱਡਣ ਤਸ਼ਤਰੀ ਬਾਰੇ ਫ਼ੈਲਾਈ ਜਾ ਰਹੀਆਂ ਗੱਲਾਂ ਗ਼ਲਤ ਤੇ ਬੇਬੁਨਿਆਦ ਹਨ ਅਤੇ ਪ੍ਰਾਪਤ ਹੋਇਆ ਮਲਬਾ ਮੌਸਮ ਦੀ ਜਾਣਕਾਰੀ ਦੇਣ ਵਾਲੇ ਕਿਸੇ ਗ਼ੁਬਾਰੇ' ਨਾਲ ਸਬੰਧਿਤ ਹੈ।' ਕਿਹਾ ਜਾਂਦਾ ਹੈ ਕਿ ਅਮਰੀਕੀ ਫ਼ੌਜ ਦਾ ਇਹ ਬਿਆਨ ਉੱਡਣ ਤਸ਼ਤਰੀ ਦੇ ਮਲਬੇ ਦੀ ਗੱਲ ਲੁਕਾਉਣ ਲਈ ਦਿੱਤਾ ਗਿਆ ਇਕ ਝੂਠਾ ਬਿਆਨ ਸੀ। ਸੰਨ 1978 ਵਿੱਚ ਐਸ.ਟੀ..ਫ਼ਰਾਇਡਮੈਨ ਨਾਮਕ ਪ੍ਰਮਾਣੂ ਵਿਗਿਆਨੀ-ਕਮ-ਉੱਡਣ ਤਸ਼ਤਰੀ ਵਿਗਿਆਨੀ ਨੇ ਇਹ ਦਾਅਵਾ ਕੀਤਾ ਸੀ ਕਿ ਉਸਨੂੰ ਇਕ ਅਮਰੀਕੀ ਇੰਟੈਲੀਜੈਂਸ ਅਫ਼ਸਰ ਜੈਸੇਕ ਮੈਰੀਲ ਨੇ ਦੱਸਿਆ ਸੀ ਕਿ ਉਹ ਖ਼ੁਦ ਉੱਡਣ ਤਸ਼ਤਰੀ ਦੇ ਹਾਦਸਾਗ੍ਰਸਤ ਹੋਣ ਵਾਲੇ ਸਥਾਨ 'ਤੇ ਗਿਆ ਸੀ ਤੇ ਉਸਨੇ ਉੱਡਣ ਤਸ਼ਤਰੀ ਦਾ ਮਲਬਾ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਪਰ "ਬਾਅਦ ਵਿੱਚ ਕਿਸੇ ਅਧਿਕਾਰੀ ਨੇ ਅਸਲੀ ਮਲਬਾ ਹਟਾ ਕੇ ਉੱਥੇ ਮੌਸਮ ਵਿਭਾਗ ਦੇ ਗੁਬਾਰੇ ਦਾ ਮਲਬਾ ਰੱਖ ਦਿੱਤਾ ਸੀ"।

ਉੱਡਣ ਤਸ਼ਤਰੀਆਂ ਬਾਰੇ ਕੁਝ ਹੋਰ ਰੌਚਿਕ ਤੱਥ ਇਸ ਪ੍ਰਕਾਰ ਹਨ ਕਿ ਸੰਨ 1952 ਵਿੱਚ ਅਮਰੀਕੀ ਹਵਾਈ ਫ਼ੌਜ ਦੇ ਅਫ਼ਸਰ ਐਡਵਰਡ ਰੁਪੈਲਟ ਨੇ ਉੱਡਣ ਤਸ਼ਤਰੀਆਂ ਬਾਰੇ 'ਯੂ.ਐਫ਼.ਓ.' ਸ਼ਬਦ ਈਜਾਦ ਕੀਤਾ ਸੀ । ਭਾਰਤ ਵਿੱਚ ਯੂ.ਐਫ਼.ਓ.ਵੇਖੇ ਜਾਣ ਦੀ ਪਹਿਲੀ ਰਿਕਾਰਡ ਵਿਚ ਦਰਜ ਘਟਨਾ ਸੰਨ 1951 ਵਿੱਚ ਵਾਪਰੀ ਸੀ ਜਦੋਂ ਨਵੀਂ ਦਿੱਲੀ ਵਿਖੇ ਸਥਿਤ ਇਕ ਫਲਾਇੰਗ ਕਲੱਬ ਦੇ ਮੈਂਬਰਾਂ ਨੇ 15 ਮਾਰਚ, 1951 ਨੂੰ ਸਵੇਰੇ 10.21 ਵਜੇ ਆਕਾਸ਼ ਵਿੱਚ ਸੌ ਫੁੱਟ ਲੰਮੀ ਸਿਗਾਰਨੁਮਾ ਉੱਡਣ ਤਸ਼ਤਰੀ ਵੇਖੀ ਸੀ ਜੋ ਕੁਝ ਪਲ ਵਿਖਾਈ ਦੇਣ ਤੋਂ ਬਾਅਦ ਅੱਖੋਂ ਓਹਲੇ ਹੋ ਗਈ ਸੀ। ਇਸੇ ਤਰ੍ਹਾਂ 24 ਸਤੰਬਰ, 2004 ਨੂੰ ਕੁਝ ਵਿਗਿਆਨੀਆਂ ਨੇ 'ਸਮੁਦਰਾ ਟਾਪੂ ' ਨਾਮਕ ਸਥਾਨ 'ਤੇ 'ਸਨੋਅਮੈਨ' ਰੂਪੀ ਇਕ ਯੂ.ਐਫ.ਓ. ਅਤੇ 29 ਅਕਤੂਬਰ, 2007 ਨੂੰ ਪੂਰਬੀ ਕਲਕੱਤਾ ਵਿਖੇ ਦੁਪਹਿਰ 3.30 ਵਜੇ ਤੋਂ 6.30 ਵਜੇ ਤੱਕ ਸੈਂਕੜੇ ਲੋਕਾਂ ਨੇ ਇਕ ਤੇਜ਼ ਗਤੀ ਨਾਲ ਉੱਡਦਾ ਯੂ.ਐਫ.ਓ. ਨਾ ਕੇਵਲ ਵੇਖਿਆ ਸੀ ਸਗੋਂ ਕੈਮਰਿਆਂ ਵਿੱਚ ਰਿਕਾਰਡ ਵੀ ਕੀਤਾ ਸੀ। ਇਕ ਵਰਗ ਤੋਂ ਤਿਕੋਣ ਅਤੇ ਫਿਰ ਇਕ ਸਿੱਧੀ ਰੇਖਾ ਦੇ ਰੂਪ ਵਿੱਚ ਤਬਦੀਲ ਹੋ ਕੇ ਗ਼ਾਇਬ ਹੋ ਗਏ ਉਸ ਯੂ.ਐਫ.ਓ. ਦੀਆਂ ਤਸਵੀਰਾਂ ਵੱਖ-ਵੱਖ ਟੀ.ਵੀ.ਚੈਨਲਾਂ 'ਤੇ ਵੀ ਪ੍ਰਸਾਰਿਤ ਹੋਈਆਂ ਸਨ। 20 ਜੂਨ, 2013 ਨੂੰ ਚੇਨੱਈ ਵਿੱਚ ਅਤੇ 4 ਅਗਸਤ, 2013 ਨੂੰ ਲੱਦਾਖ਼ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਯੂ.ਐਫ਼.ਓ.ਵੇਖੇ ਜਾਣ ਤੋਂ ਇਲਾਵਾ ਸੰਨ 2014 ਵਿਚ ਲਖਨਊ, ਪੁਣੇ ਤੇ ਕੋਚੀ ਵਿਖੇ ਅਤੇ ਸੰਨ 2015 ਵਿੱਚ ਕਾਨਪੁਰ ਵਿਖੇ ਵੀ ਯੂ.ਐਫ.ਓ.ਵੇਖੇ ਗਏ ਸਨ ਤੇ ਆਖ਼ਰੀ ਵਾਰ ਸੰਨ 2021 ਵਿੱਚ ਪੰਜਾਬ ਦੇ ਲੁਧਿਆਣਾ ਵਿਖੇ ਕੁਝ ਲੋਕਾਂ ਨੇ ਆਕਾਸ਼ ਵਿੱਚ ਇਕ ਯੂ.ਐਫ.ਓ.ਵੇਖੇ ਜਾਣ ਦਾ ਦਾਅਵਾ ਕੀਤਾ ਸੀ।

ਸੋ ਮੁੱਕਦੀ ਗਲ ਇਹ ਹੈ ਕਿ ਕਿਸੇ ਦੂਜੇ ਗ੍ਰਹਿ ਤੋਂ ਆਈਆਂ ਉੱਡਣ ਤਸ਼ਤਰੀਆਂ ਦੀਆਂ ਗੱਲਾਂ ਕਈ ਵਰ੍ਹਿਆਂ ਤੋਂ ਚੱਲਦੀਆਂ ਆ ਰਹੀਆਂ ਹਨ ਅਤੇ ਇਸਦੇ ਨਾਲ ਹੀ ਸਿਨੇਮਾ ਜਗਤ ਵਿੱਚ ਵੀ ਅਜਿਹੀਆਂ ਅਨੇਕਾਂ ਸਫ਼ਲ ਫ਼ਿਲਮਾਂ ਬਣ ਚੁੱਕੀਆਂ ਹਨ ਜੋ ਦੂਜੇ ਗ੍ਰਹਿਆਂ ਤੋਂ ਆਉਣ ਵਾਲੇ ਯੂ.ਐਫ਼.ਓ.ਅਤੇ ਉਨ੍ਹਾ ਵਿੱਚ ਸਵਾਰ ਪ੍ਰਾਣੀਆਂ ਨੂੰ ਬੜੀ ਦਿਲਚਸਪ ਢੰਗ ਨਾਲ ਪੇਸ਼ ਕਰ ਚੁੱਕੀਆਂ ਹਨ। ਬਾਲੀਵੁੱਡ ਦੇ ਸੁਪਰਸਟਾਰ ਰਿਤਿਕ ਰੌਸ਼ਨ ਦੀ 'ਕੋਈ ਮਿਲ ਗਿਆ ' ਅਤੇ ਆਮਿਰ ਖ਼ਾਨ ਦੀ 'ਪੀ.ਕੇ.' ਆਦਿ ਫ਼ਿਲਮਾਂ ਵਿੱਚ ਵੀ ਯੂ.ਐਫ਼.ਓ. ਵਿਖਾਏ ਗਏ ਸਨ ਤੇ ਨਾਲ ਹੀ ਇਹ ਵੀ ਦਰਸਾਇਆ ਗਿਆ ਸੀ ਕਿ ਦੂਜੇ ਗ੍ਰਹਿ ਦੇ ਜੀਵ ਤਕਨਾਲੋਜੀ ਦੇ ਪੱਖੋਂ ਸਾਡੀ ਦੁਨੀਆਂ ਦੇ ਲੋਕਾਂ ਤੋਂ ਕਿਤੇ ਜ਼ਿਆਦਾ ਵਿਕਸਿਤ ਹਨ। ਇਸੇ ਤਰ੍ਹਾਂ ਹਾਲੀਵੁੱਡ ਦੀਆਂ 'ਦਿ ਅਰਾਈਵਲ, ਇੰਡੀਪੈਂਡੈਂਸ ਡੇਅ, ਨੋਪ, ਮਾਰਸ ਅਟੈਕਰਜ਼, ਅੰਡਰ ਦਿ ਸਕਿੱਨ, ਏ ਸਪੇਸ ਓਡੀਸੀ, ਮੈੱਨ ਇਨ ਬਲੈਕ, ਵਾਰ ਆਫ਼ ਦਿ ਵਰਲਡਜ਼,ਦਿ ਥਿੰਗ, ਅਰਾਈਵਲ ਅਤੇ ਕਲਾਸਿਕ ਐਨਕਾਊਂਟਰਜ਼ ਆਫ਼ ਦਿ ਥਰਡ ਵਰਲਡ ' ਆਦਿ ਸਮੇਤ ਸੌ ਦੇ ਕਰੀਬ ਫ਼ਿਲਮਾਂ ਵੀ ਦੂਜੇ ਗ੍ਰਹਿਆਂ ਤੋਂ ਯੂ.ਐਫ਼.ਓ. ਦੇ ਆਉਣ ਅਤੇ ਉਨ੍ਹਾ ਗ੍ਰਹਿਆਂ ਦੇ ਲੋਕਾਂ ਦਾ ਹਾਈਟੈੱਕ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਹ ਸਾਰੀਆਂ ਫ਼ਿਲਮਾਂ ਕੋਰੀ ਕਲਪਨਾ 'ਤੇ ਆਧਾਰਿਤ ਨਹੀਂ ਸਨ ਸਗੋਂ ਵੱਖ-ਵੱਖ ਪੁਲਾੜ ਵਿਗਿਆਨੀਆਂ ਜਾਂ ਵਿਸ਼ਾ ਮਾਹਿਰਾਂ ਵੱਲੋਂ ਹੁਣ ਤੱਕ ਜੋ ਵੀ ਉਡਣ ਤਸ਼ਤਰੀਆਂ ਜਾਂ ਦੂਜੇ ਗ੍ਰਹਿ ਦੇ ਵਾਸੀਆਂ ਬਾਰੇ ਦੱਸਿਆ ਗਿਆ ਹੈ, ਉਸ ਜਾਣਕਾਰੀ 'ਤੇ ਆਧਾਰਿਤ ਸਨ। ਚੇਤੇ ਰਹੇ ਕਿ ਪੁਲਾੜ ਵਿੱਚ ਭੇਜੇ ਗਏ ' ਜੈਮਿਨੀ-4 ' ਅਤੇ 'ਜੈਮਿਨੀ-7' ਆਦਿ ਮਿਸ਼ਨਾਂ ਦੇ ਪੁਲਾੜ ਯਾਤਰੀਆਂ ਤੋਂ ਇਲਾਵਾ ਸੰਨ 2005 ਵਿੱਚ ਲਿਰਾਏ ਸ਼ਿਆਓ, ਸੰਨ 2013 ਵਿੱਚ ਕ੍ਰਿਸਟੋਫ਼ਰ ਕੱਸੈਡੀ ਅਤੇ ਸੰਨ 2020 ਵਿੱਚ ਇਵਾਨ ਵੈਗਨਰ' ਨਾਮਕ ਪੁਲਾੜ ਯਾਤਰੀਆਂ ਨੇ ਪੁਲਾੜ ਵਿੱਚ ਕੁਝ ਰਹੱਸਮਈ ' ਉੱਡਣ ਵਸਤੂਆਂ' ਵੇਖੇ ਜਾਣ ਦੇ ਦਾਅਵੇ ਕੀਤੇ ਹਨ। ਯੂ.ਐਫ਼.ਓ. ਬਾਰੇ ਚਰਚਾ ਵਰਤਮਾਨ ਸਮੇਂ ਵਿੱਚ ਵੀ ਪੂਰੇ ਜ਼ੋਰਾਂ 'ਤੇ ਹੈ ਤੇ ਹਰ ਸਾਲ ਯੂ.ਐਫ਼.ਓ. ਅਤੇ ਦੂਜੇ ਗ੍ਰਹਿਆਂ ਦੇ ਜੀਵਾਂ ਦੀ ਹੋਂਦ 'ਤੇ ਵਿਸ਼ਵਾਸ਼ ਕਰਨ ਵਾਲਿਆਂ ਦੀ ਸੰਖਿਆ ਵਧਦੀ ਹੀ ਜਾ ਰਹੀ ਹੈ।

ਡਾਇਰੀ ਦਾ ਪੰਨਾ



ਨਿੰਦਰ ਘੁਗਿਆਣਵੀ
9417421700

# ਭੌਣ ਤੇ ਭੈਅ !

ਕਣਕਾਂ ਵੱਢੀਆਂ-ਕੱਢੀਆਂ ਗਈਆਂ। ਅੰਨ ਸਾਂਭ ਲਿਆ ਬੰਦੇ ਨੇ। ਕੀੜੇ ਕੀੜੀਆਂ ਨੂੰ ਵੀ ਆਪੋ ਆਪਣਾ ਢਿੱਡ ਭਰਨ ਦਾ ਡਾਹਢਾ ਫਿਕਰ ਹੈ। ਐਤਕੀਂ ਪਿੰਡ ਰਹਿੰਦਿਆਂ ਕੀੜੇ ਕੀੜੀਆਂ ਦੇ ਭੌਣਾਂ ਦੇ ਨੇੜਿਓਂ ਦੀਦਾਰੇ ਹੋਏ। ਇਕ ਘਰ ਕਣਕ ਦੀ ਟਰਾਲੀ ਜਾ ਰਹੀ ਸੀ, ਇਕ ਪਾਸੇ ਫਰਸ਼ੀ ਟਾਈਲ ਦੀ ਵਿੱਥੀ ਵਿਚ ਇਕ ਕੀੜਾ ਆਪਣੇ ਤੋਂ ਭਾਰੇ ਕਣਕ ਦੇ ਦਾਣੇ ਨਾਲ ਗੁੱਥਮ ਗੁੱਥੀ ਹੋ ਰਿਹਾ ਸੀ। ਦਾਣਾ ਉਸਦੇ ਕਾਬੂ ਵਿਚ ਨਹੀ ਸੀ ਆ ਰਿਹਾ, ਵਾਰ ਵਾਰ ਮੂੰਹੋਂ ਛੁਟ ਜਾਂਦਾ ਪਰ ਕੀੜਾ ਤਰੱਦਦ ਕਰੀ ਜਾ ਰਿਹਾ ਸੀ, ਵੇਂਹਦੇ ਵੇਂਹਦੇ ਨਾਲ ਦੇ ਕੀੜੇ ਨੇ ਆਪਣਾ ਹੱਥ ਪੁਵਾਇਆ ਤੇ ਦਾਣਾ ਉਸ ਦੇ ਹਿਸਾਬ ਸਿਰ ਕਰ ਦਿੱਤਾ, ਦਾਣਾ ਸੰਭਾਲਦਾ ਕੀੜਾ ਆਪਣੇ ਰਾਹੇ ਪਿਆ। ਅਣਗਿਣਤ ਕੀੜੇ ਕੀੜੀਆਂ ਆਪਣੇ ਆਪਣੇ ਦਾਣੇ ਸਾਂਭਦੇ ਅਲੋਕਿਕ ਦ੍ਰਿਸ਼ ਸਿਰਜ ਰਹੇ ਸਨ। ਬੰਦੇ ਵਾਂਗਰ ਇਨਾਂ ਜੀਵਾਂ ਨੂੰ ਵੀ ਆਪਣੇ ਢਿੱਡਾਂ ਦਾ ਕਿੰਨਾ ਫਿਕਰ ਹੈ, ਇਹ ਵੇਖ ਕੇ ਜੀਵ ਉਤੇ ਰਸ਼ਕ ਹੋਇਆ ਤੇ ਇਹ ਵਰਤਾਰਾ ਸੋਚਣ ਲਾ ਗਿਆ ਕਿ ਜੀਵਨ ਵਿਚ ਇਕ ਦੂਜੇ ਦਾ ਸਹਾਈ ਹੋਣਾ ਕਿੰਨਾ ਮਹੱਤਵਪੂਰਨ ਹੈ! ਮਨੋ-ਮਨੀਂ 'ਸਹਾਈ ਤੇ ਸਹਾਇਤਾ' ਸ਼ਬਦਾਂ ਦੇ ਅਰਥ ਭਾਲਣ ਲਗਦਾ ਹਾਂ। ਹੇ ਬੰਦਿਆ! ਇਨਾਂ ਜੀਵਾਂ ਤੋਂ ਈ ਸਿੱਖ ਲੈ ਕੁਝ!

ਬੰਦੇ ਵਾਂਗ ਇਨਾਂ ਜੀਵ ਜੰਤੂਆਂ ਵਿਚ ਵੀ ਏਨੀ ਡੂੰਘੀ ਸੋਝੀ ਹੈ? ਚਿਤਵਦਾ ਹਾਂ।

ਬਾਬੇ ਦੀ ਬਾਣੀ ਚੇਤੇ ਆਈ ਹੈ- ਸੈਲ ਪੱਥਰ ਮੇ ਜੰਤ ਉਪਾਏ ਤਾਕਾ ਰਿਜਕ ਆਗੈ ਕਰ ਧਰਿਆ॥

***

ਦਾਦੀ ਆਖਦੀ ਹੁੰਦੀ ਸੀ ਕਿ ਉਹ ਘਰ ਹੀ ਕੀ, ਜਿਥੇ ਕੀੜਿਆਂ ਦਾ ਭੌਣ ਨਹੀਂ। ਭੌਣ ਉਤੇ ਦਾਣੇ ਪਾਉਂਦੀ ਦਾਦੀ 'ਵਾਖਰੂ ਵਾਹੇਗੁਰੂ' ਕਰਦੀ। ਉਹ ਕਹਿੰਦੀ ਹੁੰਦੀ, ÷ ਏਨਾਂ ਬੇਜ਼ੁਬਾਨਿਆਂ ਜੀਵਾਂ ਦਾ ਢਿੱਡ ਭਰੀਏ ਤਾਂ ਘਰਦੇ ਅੰਨ ਰਿਜਕ 'ਚ ਵਾਧਾ ਹੁੰਦਾ ਐ, ਘਰ ਨੂੰ ਭਾਗ ਲਗਦੇ ਨੇ, ਏਹ ਜੀਵ ਅਸੀਸਾਂ ਦਿੰਦੇ ਨੇ।÷ ਇਕ ਵਾਰ ਦਾਦੀ ਨੇ ਦੱਸਿਆ ਸੀ ਕਿ ਫਲਾਣੇ ਪਿੰਡ ਦੀ ਗੱਲ ਹੈ, ਇਕ ਬੰਦੇ ਨੇ ਘਰੇ ਕੀੜੀਆਂ ਦੇ ਭੌਣ ਉਤੇ ਡੀਟੀ ਛਿੜਕ ਕੇ ਭੌਣ ਮੁਕਾ ਦਿੱਤਾ, ਛੇਤੀ ਹੀ ਘਰ ਮੂਧੜੇ ਮੂੰਹ ਹੋ ਗਿਆ। ਸਿਆਣੇ ਸੰਤਾਂ ਨੇ ਆਖਿਆ, ਜਿਵੇਂ ਭੌਣ ਮੁਕਾਇਆ ਸੀ, ਉਵੇਂ ਲਿਆ ਕੇ ਵਸਾ, ਫੇਰ ਤੇਰਾ ਘਰ ਲੀਹ ਉਤੇ ਆ ਸਕਦਾ ਹੈ। ਉਹ ਬੰਦਾ ਕਿਧਰੋਂ ਕੀੜੇ ਕੀੜੀਆਂ ਲਿਆਇਆ, ਦਾਣੇ ਪਾਏ, ਗੱਲ ਫਿਰ ਵੀ ਨਾ ਬਣੀ, ਆਪ ਮੁਹਾਰੇ ਪੈਦਾ ਹੋਏ ਕੁਦਰਤੀ ਜੀਵ ਕਿਥੋਂ ਆਉਣ! ਸੋ, ਭਾਈ ਘਰਾਂ ਚੋਂ ਭੌਣ, ਬਿੱਲੀਆਂ, ਤੇ ਚਿੜੀਆਂ ਬਾਹਰ ਨਹੀਂ ਕੱਢੀਦੇ

***

ਬੜਾ ਮਨ ਦੁਖਦਾ ਏ ਜਦ ਤਾਜਾ ਵਿਛੜੇ ਸੱਜਣ ਪਿਆਰੇ ਦਾ ਫੋਨ ਨੰਬਰ ਵਿਚੋਂ ਡਿਲੀਟ ਕਰਨਾ ਪੈਂਦਾ ਏ, ਇਓਂ ਲਗਦਾ ਏ ਜਿਵੇਂ ਗਾਨੀ ਦਾ ਇਕ ਹੋਰ ਮਣਕਾ ਟੁੱਟ ਕੇ ਕਿਰ ਗਿਆ ਏ। ਗਾਇਕਾ ਦੀਪਕ ਢਿਲੋਂ ਨੇ ਗੀਤ ਵੀ ਗਾਇਆ ਸੀ:

**ਵੇ ਮਣਕੇ ਟੁਟਦੇ ਜਾਂਦੇ ਐ**
**ਤੇਰੀ ਸੱਜਣਾ ਪਿਆਰ ਨਿਸ਼ਾਨੀ**
**ਵੇ ਗਲ ਦੀ ਗਾਨੀ**
**ਮਣਕੇ ਟੁਟਦੇ ਜਾਂਦੇ ਐ**

ਸੱਜਣ ਵਿਛੜਨੇ ਗਾਨੀ ਦੇ ਮਣਕੇ ਟੁੱਟਣ ਵਰਗੇ ਹੁੰਦੇ ਨੇ। ਬੀਤੇ ਦਿਨਾਂ ਵਿਚ ਚੰਗੇ ਭਲੇ ਬੰਦੇ ਤੁਰ ਗਏ ਨੇ। ਹੱਸਦੇ ਵੱਸਦੇ ਖੇਡਦੇ ਖਿਡਾਉਂਦੇ ਬੰਦੇ। ਅਜਿਹੇ ਵਿਛੜੇ ਸੱਜਣਾਂ ਦੀ ਯਾਦ ਆਉਣ ਦਾ ਸਬੱਬ ਵੀ ਕਈ ਵਾਰ ਨਿਵੇਕਲਾ ਜਿਹਾ ਬਣ ਜਾਂਦਾ ਏ। ਅੰਮ੍ਰਿਤ ਵੇਲਾ ਸੀ। ਸ਼ਬਦ ਸਰਵਣ ਕਰ ਰਿਹਾ ਸਾਂ। ਭਾਈ ਨਿਰਾਲਾ ਜੀ ਦਾ ਗਾਇਆ ਹੋਇਆ ਹੈ ਸ਼ਿਵਰੰਜਨੀ ਰਾਗ ਵਿਚ- ਮਿਹਰਬਾਨ ਮਿਹਰਬਾਨ ਸਾਹਿਬ ਮੇਰਾ ਮੇਹਰਬਾਨ÷॥ ਗਾਇਨ ਕਰਦੇ ਕਰਦੇ ਭਾਈ ਸਾਹਿਬ ਵਿਖਿਆਨ ਵੀ ਕਰਦੇ ਨੇ ਕਿ ਮੇਰੀ ਮਾਂ ਬੜੀ ਰੋਇਆ ਕਰੇ ਕਿ ਵੇ ਪੁੱਤਰ, ਤੈਨੂੰ ਕੌਣ ਸਾਂਭੇਗਾ, ਹਾਏ ਹਾਏ ਵੇ ਪੁੱਤਰ ਤੇਰੀਆਂ ਅੱਖਾਂ ਦੀ ਜੋਤੀ ਹੁੰਦੀ, ਤਾਂ ਕੋਈ ਝੋਰਾ ਨਾ ਹੁੰਦਾ , ਹਾਏ ਹਾਏ ਵੇ ਲੋਕੋ, ਮੈਂ ਜੋਤਹੀਣ ਪੁੱਤਰ ਕਿਓਂ ਜਨਮਿਆਂ? ਅੱਗੋਂ ਉਹ ਮਾਂ ਨੂੰ ਆਖਦੇ ਨੇ ਕਿ ਮਾਂ, ਮੈਨੂੰ ਕੋਈ ਵਾਜਾ ਨਹੀਂ ਸਿਖਾਲਦਾ,ਮੈਂ ਗੁਰੂ ਕਾ ਕੀਰਤਨ ਕਰਨਾ ਈਂ, ਗੁਰੂ ਵਾਲਾ ਬਣਨਾ ਈਂ, ਮਾਂ ਤੂੰ ਮੇਰਾ ਫਿਕਰ ਨਾ ਕਰੀਂ, ਮੈਂ ਗੁਰੂ ਲੱਭ ਲਿਆ ਏ ਤੇ ਗੁਰੂ ਵਾਲਾ ਬਣਨ ਚੱਲਿਆ ਆਂ। ਭਾਈ ਨਿਰਾਲਾ ਜੀ ਨੂੰ ਸੁਣਦਿਆਂ ਅਜਬ ਸੰਗੀਤ ਦੇ ਅਨੰਦ ਵਿਚ ਗੁਆਚ ਜਾਂਦਾ ਹਾਂ। ਕਿੰਨੀਆਂ ਮਿਹਨਤਾਂ ਤੇ ਮੁਸ਼ੱਕਤਾਂ ਹੋਣਗੀਆਂ ਇਨਾਂ ਮਹਾਨ ਲੋਕਾਂ ਦੀਆਂ? ਅੱਖਾਂ ਨਹੀਂ ਤਾਂ ਕੀ ਹੋਇਆ, ਮਨ ਅੰਦਰ ਜਗਦੀ ਅਲੌਕਿਕ ਜੋਤ ਦਾ ਪ੍ਰਕਾਸ਼ ਅਨੰਤ ਹੈ। ਇਹ ਜੋਤਾਂ ਮਨਾਂ ਮਸਤਕਾਂ ਅੰਦਰ ਐਵੇਂ ਨਹੀਂ ਜਗਦੀਆਂ। ਕਰੜੀ ਘਾਲ ਘਾਲਣੀ ਪੈਂਦੀ ਹੈ। ਬੇਸ਼ੁਮਾਰ ਦੁਨੀਆਂ ਸੁਜਾਖੀ ਫਿਰਦੀ ਵੀ ਅੰਧਲੀ ਅੰਧਲੀ ਹੀ ਜਾਪਦੀ ਹੈ ਜਿਵੇਂ ਹਨੇਰ ਭਰੇ ਸੰਸਾਰ ਵਿੱਚ ਫਿਰਦੇ ਹੋਈਏ। ਕਿਸੇ ਨੇ ਆਖਿਆ ਸੀ ਕਿ ਤੈਨੂੰ ਸਭ ਕੁਝ ਦਿਖਦਾ ਏ ਪਰ ਫਿਰ ਵੀ ਅੰਧਾ ਏਂ, ਤੇਰੇ ਨਾਲੋਂ ਤਾ ਜੋਤਹੀਣ ਬੰਦਾ ਈ ਚੰਗਾ ਏ ਜੋ ਸਭ ਕੁਝ ਵੇਖ ਵਾਚ ਰਿਹਾ ਏ।

***

ਅੰਧਲੇ ਭੈਣ ਭਰਾ ਯਾਦ ਆ ਗਏ ਨੇ ਇਹ ਸਤਰਾਂ ਲਿਖਦਿਆਂ ਲਿਖਦਿਆਂ। ਸਮਾਂ 1989-90 ਦਾ ਹੋਏਗਾ। ਉਸਤਾਦ ਲਾਲ ਚੰਦ ਯਮਲਾ ਜੀ ਦਾ ਚੇਲਾ ਬਣਿਆਂ ਬਣਿਆਂ ਹੀ ਸਾਂ ਹਾਲੇ। ਆਪਣੇ ਨਾਨਕੇ ਪਿੰਡ ਸ਼ਰੀਂਹ ਵਾਲਾ ਬਰਾੜ ਨੇੜੇ ਗੁਰੂਹਰਸਹਾਏ ਗਿਆ ਹੋਇਆ ਸਾਂ। ਦਸਵੇਂ ਪਾਤਸ਼ਾਹ ਜੀ ਦੇ ਗੁਰਪੁਰਬ ਦੇ ਦਿਨ ਸਨ। ਗੁਰ ਘਰ ਅਖੰਡ ਪਾਠ ਪ੍ਰਕਾਸ਼ ਹੋਇਆ। ਸੇਵਾ ਕਰ ਰਿਹਾ ਸਾਂ ਤੇ ਗੁਰੂ ਘਰ ਦੇ ਗ੍ਰੰਥੀ ਬਾਬਾ ਮਿਲਖਾ ਸਿੰਘ ਮਸਕੀਨ ਸਨ ਤੇ ਅੱਖੋਂ ਮੁਨਾਖੇ ਪਰ ਸੁਰੀਲੇ ਅੰਤਾਂ ਦੇ। ਗੁਰੂ ਘਰ ਵਿੱਚ ਨਾਲ ਸਕੀ ਭੈਣ ਵੀ ਰਹਿੰਦੀ ਸੀ। ਮਸਕੀਨ ਜੀ ਵਾਜੇ ਨਾਲ ਸ਼ਬਦ ਗਾਉਂਦੇ ਤੇ ਭੈਣ ਨਾਲ ਢੋਲਕੀ ਉਤੇ ਸੰਗਤ ਕਰਦੀ। ਕਦੇ ਮਸਕੀਨ ਜੀ ਛੋਟੇ ਜਿਹੇ ਤੂੰਬੇ ਨਾਲ ਕੋਈ ਧਾਰਮਿਕ ਗੀਤ ਦਾ ਗਾਇਨ ਕਰਦੇ ਤਾਂ ਭੈਣ ਨਾਲ ਢੱਡ ਵਜਾਉਂਦੀ ਤੇ ਭਰਾ ਦੀ ਆਵਾਜ਼ ਨਾਲ ਆਵਾਜ ਮੇਚਦੀ। ਮੈਂ ਉਨਾਂ ਵੱਲ ਖਿੱਚਿਆ ਗਿਆ ਤੇ ਉਹ ਮੈਨੂੰ ਨਿਕੜੇ ਜਿਹੇ ਨੂੰ ਤੇ ਮੇਰੀ ਨਿੱਕੀ ਜਿਹੀ ਤੂੰਬੀ ਨੂੰ ਬੜਾ ਪਿਆਰ ਕਰਨ ਲੱਗ ਪਏ। ਅਖੰਡ ਪਾਠ ਸਾਹਿਬ ਦੇ ਭੋਗਾਂ ਉਪਰੰਤ ਦੀਵਾਨ ਸਜਿਆ ਤੇ ਮੈਂ ਉਸਤਾਦ ਜੀ ਦਾ ਲਿਖਿਆ ਗਾਇਆ-ਤੇਗ ਦੇ ਦੁਲਾਰੇ ਵਾਹ ਵਾਹ ਤੇਰੀਆਂ ਕਹਾਣੀਆਂ ਤੇਰਾ ਜਸ ਗਾਇਆ ਦਾਤਾ ਪਰਬਤਾਂ ਤੇ ਪਾਣੀਆਂ।ਨਾਨਕਿਆਂ ਨੂੰ ਰੁਪੱਈਆਂ ਦਾ ਮੀਂਹ ਵਰ੍ਹਾ ਦਿੱਤਾ। ਗਿਆਨੀ ਮਿਲਖਾ ਸਿੰਘ ਮਸਕੀਨ ਦੀ ਆਵਾਜ ਵਿੱਚ ਵੱਖਰੀ ਤਰਾਂ ਦੀ ਇਕ ਲੇਰ ਜਿਹੀ ਸੀ ਜੋ ਅਤਿਅੰਤ ਸੁਰੀਲੀ ਸੀ, ਸੰਗਤਾਂ ਦੇ ਮਨ ਮੋਹੇ ਜਾਂਦੇ। ਉਹ ਗਾਉਂਦੇ:

**ਵਾਹ ਵਾਹ ਗੁਰੂ ਗੋਬਿੰਦ ਸਿੰਘ**
**ਆਪੇ ਗੁਰ ਚੇਲਾ---**

ਗਿਆਨੀ ਜੀ ਨੇ ਦੱਸਿਆ ਸੀ ਕਿ ਉਨਾਂ ਬਚਪਨ ਵਿਚ ਹੀ ਸ਼੍ਰੋਮਣੀ ਢਾਡੀ ਗਿਆਨੀ ਨਰੈਣ ਸਿੰਘ ਚੰਦਨ ਨੂੰ ਉਸਤਾਦ ਧਾਰ ਕੇ ਗਾਉਣਾ ਸਿੱਖਿਆ ਸੀ।

ਮੇਰਾ ਨਾਨਕੇ ਬੜਾ ਦਿਲ ਲੱਗ ਜਾਂਦਾ ਸੀ ਤੇ ਕਈ ਕਈ ਦਿਨ ਪਿੰਡ ਨਹੀਂ ਸੀ ਜਾਂਦਾ। ਉਹ ਸਮੇਂ ਬੜੇ ਰਮਣੀਕ ਸਮੇਂ ਸਨ। ਤੁਰ ਗਏ ਬੰਦੇ ਰਹਿ ਰਹਿ ਕੇ ਯਾਦ ਆਉਂਦੇ ਨੇ। ਗਿਆਨੀ ਨਿਰਾਲਾ ਜੀ ਨੂੰ ਸੁਣਨ ਨਾਲ ਗਿਆਨੀ ਮਿਲਖਾ ਸਿੰਘ ਤੇ ਉਨਾਂ ਦੀ ਭੈਣ ਚੇਤੇ ਆ ਗਏ ਹਨ। ਹੁਣ ਪਤਾ ਨਹੀਂ ਕਿਥੇ ਹੋਣਗੇ ਦੋਵੇਂ ਭੈਣ ਭਰਾ, ਹੋਣਗੇ ਵੀ ਜਾਂ ਨਹੀਂ? ਕੁਝ ਪਤਾ ਨਹੀਂ, ਖੋਹ ਜਿਹੀ ਪੈਂਦੀ ਏ ਕਾਲਜੇ ਨੂੰ।

# ਧਰਤੀ ਬਨਾਮ ਪਲਾਸਟਿਕ



ਹਰੀਕ੍ਰਿਸ਼ਨ ਮਾਇਰ

ਧਰਤੀ ਨੂੰ ਮਾਂ ਦਾ ਰੁਤਬਾ ਹਾਸਿਲ ਹੈ। ਇਹ ਇੱਕਲੌਤਾ ਅਜਿਹਾ ਗ੍ਰਹਿ ਹੈ ਜਿਸ ਉੱਤੇ ਜੀਵਨ ਹੈ। ਜੀਵ ਜੰਤੂ ਘੁੱਗੀਂ ਵੱਸਦੇ ਹਨ। ਇਨ੍ਹਾਂ ਦੀ ਸੁਰੱਖਿਆ ਖ਼ਾਤਰ ਕੁਦਰਤ ਨੇ ਧਰਤੀ ਦੁਆਲੇ, ਗੈਸਾਂ ਦਾ ਇਕ ਵੱਡਾ ਚੰਦੋਆ ਤਾਣ ਦਿੱਤਾ ਹੈ। ਜ਼ਿੰਦਗੀ ਨੂੰ ਵਿਗਸਣ ਮੌਲਣ ਲਈ ਕੁਦਰਤ ਨੇ ਆਕਸੀਜਨ, ਕਾਰਬਨ ਡਾਇਆਕਸਾਈਡ, ਊਰਜਾ ਅਤੇ ਪਾਣੀ ਦੇ ਭੰਡਾਰੇ ਭਰ ਦਿੱਤੇ ਹਨ। ਸਭ ਤੋਂ ਵੱਧ ਅਕਲ ਵਾਲਾ ਜੀਵ 'ਮਨੁੱਖ' ਵੀ ਇਸੇ ਧਰਤੀ 'ਤੇ ਰਹਿੰਦਾ ਹੈ। ਰੋਜ਼ ਪੜ੍ਹੀਦਾ-ਸੁਣੀਂਦਾ ਹੈ ਕਿ ਮਨੁੱਖ ਕੁਦਰਤ ਦੀਆਂ ਨਿਆਮਤਾਂ ਨੂੰ ਮੁਫ਼ਤ ਵਿੱਚ ਮਿਲੀਆਂ ਸਮਝ ਕੇ ਦੋਹੀਂ ਹੱਥੀਂ ਲੁੱਟ ਰਿਹਾ ਹੈ ਤੇ ਰੱਜ ਕੇ ਇਨ੍ਹਾਂ ਨੂੰ ਪਲੀਤ ਕਰ ਰਿਹਾ ਹੈ। ਪ੍ਰਕਿਰਤੀ ਨੇ ਨਾਰਾਜ਼ਗੀ ਦਿਖਾਈ ਤਾਂ ਅਲਾਮਤਾਂ ਸਿਰ ਚੁੱਕਣ ਲੱਗੀਆਂ। ਮਨੁੱਖ ਜਾਤੀ ਦੇ ਇੱਕ ਹਿੱਸੇ ਨੂੰ ਧਰਤੀ ਦੇ ਮਹੱਤਵ ਅਤੇ ਇਸ ਦੇ ਅਨਮੋਲ ਖਜ਼ਾਨਿਆਂ ਦੀ ਸਮਝ ਪਈ ਅਤੇ ਉਹ ਪ੍ਰਕਿਰਤਕ ਸੋਮਿਆਂ ਨੂੰ ਸੁਰਜੀਤ ਕਰਨ ਬਾਰੇ ਸੋਚਣ ਲੱਗਾ।

ਵਿਸ਼ਵ ਭਰ ਦੇ ਮੁਲਕਾਂ ਦੀਆਂ ਸਰਗਰਮੀਆਂ ਇਸ ਵਰ੍ਹੇ ਇੱਕੋ ਇਕ ਥੀਮ ਧਰਤੀ ਬਨਾਮ ਪਲਾਸਟਿਕ ਦੁਆਲੇ ਹੀ ਕਰਵਾਈਆਂ ਜਾਣਗੀਆਂ। ਇਸ ਵਰ੍ਹੇ ਧਰਤੀ ਦੇ ਵੱਡੇ ਹਿੱਸੇ ਨੂੰ ਪਲਾਸਟਿਕ ਤੋਂ ਮੁਕਤ ਕਰਾਉਣ ਦਾ ਸੰਕਲਪ ਲਿਆ ਗਿਆ ਹੈ। ਮਿਥਿਆ ਗਿਆ ਹੈ ਕਿ ਸੰਨ 2040 ਤੀਕ ਵੱਖ ਵੱਖ ਪ੍ਰਕਾਰ ਦੇ ਪਲਾਸਟਿਕ ਦੇ ਉਤਪਾਦਨ ਵਿੱਚ 60 ਫ਼ੀਸਦੀ ਦੀ ਕਮੀ ਲਿਆਉਣ ਲਈ ਸਾਧਨ ਜੁਟਾਏ ਜਾਣਗੇ। ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਪਲਾਸਟਿਕ ਮੁਕਤ ਭਵਿੱਖ ਸਿਰਜਣ ਦਾ ਸੁਪਨਾ ਦੇਖ ਰਹੇ ਹਾਂ। ਵਿਸ਼ਵ ਪੱਧਰ 'ਤੇ ਧਰਤ ਦਿਵਸ ਮਨਾਉਣ ਵਾਲੀ ਸੰਸਥਾ ਅਰਥ ਡੇਅ ਔਰਗ (Earth Day.Org) ਦੇਸ਼ ਭਰ ਤੋਂ ਸਰਗਰਮ ਲੋਕਾਂ, ਉਦਯੋਗਪਤੀਆਂ ਤੇ ਵਪਾਰੀਆਂ, ਧਾਰਮਿਕ ਆਗੂਆਂ ਅਤੇ ਸਰਕਾਰਾਂ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਸ਼ਾਮਲ ਕਰੇਗੀ ਅਤੇ ਉਨ੍ਹਾਂ ਤੋਂ ਬਣਦਾ ਸਹਿਯੋਗ ਲਵੇਗੀ।

ਅਸੀਂ ਹਰ ਸਾਲ ਕਿੰਨੇ ਹੀ ਬਿਲੀਅਨ ਪਲਾਸਟਿਕ ਦਾ ਕੂੜਾ ਪੈਦਾ ਕਰ ਰਹੇ ਹਾਂ। ਪਲਾਸਟਿਕ ਦੀ ਵੱਡੀ ਦਿੱਕਤ ਇਹ ਹੈ ਕਿ ਇਕ ਵਾਰ ਇਹ ਕੂੜਾ ਬਣ ਕੇ ਵਾਤਾਵਰਨ ਵਿੱਚ ਪਹੁੰਚ ਗਿਆ ਤਾਂ ਇਹ ਜੈਵਿਕ ਤਰੀਕੇ ਨਾਲ ਸੁਖਾਲੇ ਰੂਪ ਵਿੱਚ ਗਲ਼ਦਾ ਨਹੀਂ। ਵਾਤਾਵਰਨ ਵਿੱਚ ਹੀ ਆਪਣਾ ਠਿਕਾਣਾ ਬਣਾ ਲੈਂਦਾ ਹੈ। ਖੋਜੀ ਤਾਂ ਇਹ ਵੀ ਕਹਿੰਦੇ ਨੇ ਕਿ ਕਈ ਢੀਠ ਸੁਭਾਅ ਦੇ ਪਲਾਸਟਿਕ ਹਜ਼ਾਰ ਸਾਲਾਂ ਤੱਕ ਵੀ ਨਹੀਂ ਗਲਦੇ ਤੇ ਜਦੋਂ ਇਹ ਖੁਰ ਕੇ ਮਿੱਟੀ ਵਿੱਚ ਰਲਦੇ ਹਨ ਤਾਂ ਉਸ ਨੂੰ ਜ਼ਹਿਰੀਲੀ ਕਰ ਦਿੰਦੇ ਹਨ। ਇਹ ਜ਼ਹਿਰਾਂ ਸਾਡੀ ਭੋਜਨ ਲੜੀ ਤੱਕ ਪੁੱਜ ਰਹੀਆਂ ਹਨ। ਵੱਡੀ ਗਿਣਤੀ ਵਿੱਚ ਇੱਧਰ-ਉਧਰ ਖਿੱਲਰੇ ਪਏ ਪਲਾਸਟਿਕ ਦੇ ਲਿਫਾਫੇ ਪਸ਼ੂਆਂ ਤੇ ਪੰਛੀਆਂ ਲਈ ਵੀ ਜਾਨਲੇਵਾ ਸਾਬਤ ਹੋ ਰਹੇ ਹਨ। ਪਲਾਸਟਿਕ ਦੇ ਲਿਫਾਫੇ ਨਿਗਲਣ ਕਾਰਨ ਵੱਡੀ ਗਿਣਤੀ ਪਸ਼ੂ, ਪੰਛੀ ਤੇ ਸਮੁੰਦਰੀ ਜੀਵ ਜਾਨਾਂ ਗੁਆ ਰਹੇ ਹਨ। ਸਮੁੰਦਰੀ ਜੀਵਾਂ ਦੇ ਢਿੱਡਾਂ ਵਿੱਚੋਂ ਕਈ ਕਿੱਲੋ ਪਲਾਸਟਿਕ ਦਾ ਕੂੜਾ ਨਿਕਲਦਾ ਹੈ। ਇੱਕ ਵਾਰ ਵਰਤੋਂ ਵਿੱਚ ਲਿਆਉਣ ਵਾਲਾ ਪਲਾਸਟਿਕ, ਜਿਵੇਂ ਪਾਣੀ ਦੀਆਂ ਬੋਤਲਾਂ, ਡਿਸਪੋਜੇਬਲ ਸਰਿੰਜਾਂ, ਸ਼ੀਸ਼ੀਆਂ, ਭਾਂਡੇ, ਇਸ਼ਤਿਹਾਰ, ਟੇਪਾਂ, ਖਿਡੌਣੇ, ਪੈਕਿੰਗ ਦੇ ਡੱਬੇ ਅਤੇ ਹੋਰ ਕੂੜਾ ਕਈ ਕਈ ਦਹਾਕਿਆਂ ਤੱਕ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦਾ ਰਹਿੰਦਾ ਹੈ।

ਮਿੱਟੀ ਵਿੱਚ ਦੱਬੇ ਪਲਾਸਟਿਕ ਦੇ ਲਿਫ਼ਾਫ਼ੇ ਬੀਜਾਂ ਨੂੰ ਪੁੰਗਰਨ ਨਹੀਂ ਦਿੰਦੇ। ਬੂਟਿਆਂ ਦੀਆਂ ਜੜ੍ਹਾਂ ਤੀਕ ਸਿੰਜਾਈ ਦਾ ਪਾਣੀ ਨਹੀਂ ਪਹੁੰਚਣ ਦਿੰਦੇ। ਸੈਰ ਸਪਾਟੇ 'ਤੇ ਆਏ ਲੋਕ ਦਰਿਆਵਾਂ, ਸਮੁੰਦਰਾਂ ਦੇ ਕੰਢੇ ਪੈਕਿੰਗ, ਸਿਗਰਟਾਂ ਦੀਆਂ ਡੱਬੀਆਂ, ਖਿਡੌਣੇ, ਡਿਸਪੋਜ਼ੇਬਲ ਪਲੇਟਾਂ, ਚਮਚੇ, ਗਿਲਾਸ ਆਦਿ ਖਿਲਾਰ ਜਾਂਦੇ ਹਨ। ਮਛਿਆਰੇ ਆਪਣੇ ਜਾਲ, ਕੁੰਡੀਆਂ, ਬੱਧਰੀਆਂ ਸਮੁੰਦਰ ਵਿੱਚ ਛੱਡ ਆਉਂਦੇ ਹਨ। ਸਮੁੰਦਰ ਵਿੱਚ ਇਸ ਸਮੇਂ ਪਲਾਸਟਿਕ ਕਚਰੇ ਦੇ ਢੇਰ ਲੱਗੇ ਹੋਏ ਹਨ। ਪਲਾਸਟਿਕ ਦੇ ਬਾਰੀਕ ਕਣ ਖਾ ਕੇ ਕੱਛੂਕੁੰਮੇ ਮਰ ਰਹੇ ਹਨ। ਜਾਨਵਰਾਂ ਦੀਆਂ ਕਿੰਨੀਆਂ ਹੀ ਕਿਸਮਾਂ ਲੋਪ ਹੋ ਰਹੀਆਂ ਹਨ। ਪਾਣੀਆਂ 'ਤੇ ਤੈਰਦਾ ਪਲਾਸਟਿਕ ਜਲ ਜੀਵਾਂ ਲਈ ਮੌਤ ਦਾ ਫੰਦਾ ਬਣ ਚੁੱਕਿਆ ਹੈ। ਬਨਸਪਤੀਆਂ ਆਪਣੇ ਮੂਲ ਨਾਲੋਂ ਟੁੱਟ ਰਹੀਆਂ ਹਨ। ਮਨੁੱਖੀ ਚਮੜੀ ਵਿੱਚ ਪਲਾਸਟਿਕ ਵਿਚਲੇ ਰਸਾਇਣ ਜਜ਼ਬ ਹੋਣ ਕਰਕੇ ਕਈ ਤਰ੍ਹਾਂ ਦੇ ਰੋਗ ਪੈਦਾ ਹੋ ਰਹੇ ਹਨ।

ਕੂੜੇ ਨੂੰ ਠੱਲ੍ਹ ਕਿਵੇਂ ਪਵੇ: ਘਰ ਦੇ ਕੂੜੇ ਲਈ ਤਿੰਨ ਡੱਬੇ ਲਗਾਏ ਜਾਣ। ਪਹਿਲਾ ਆਮ ਘਰੇਲੂ ਕੂੜੇ ਲਈ ਦੂਜੇ ਡੱਬੇ ਵਿੱਚ ਪਲਾਸਟਿਕ ਕਚਰਾ ਜੋ ਰੀਸਾਈਕਲ ਹੋਣ ਵਾਲਾ ਹੋਵੇ, ਪਾਇਆ ਜਾਵੇ। ਤੀਜੇ ਡੱਬੇ ਵਿੱਚ ਉਹ ਪਲਾਸਟਿਕ ਪਾਇਆ ਜਾਵੇ ਜਿਸ ਨੂੰ ਨਾ ਰੀਸਾਈਕਲ ਕੀਤਾ ਜਾ ਸਕੇ ਤੇ ਨਾ ਹੀ ਜੈਵਿਕ ਤੌਰ 'ਤੇ ਉਹ ਗਲ਼ ਸਕਦਾ ਹੋਵੇ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕੂੜੇ ਨੂੰ ਵੱਖਰੇ ਤੌਰ 'ਤੇ ਇਕੱਠਾ ਕਰਕੇ ਇਸ ਦਾ ਪ੍ਰਬੰਧਨ ਕਰੇ। ਵੱਧ ਤੋਂ ਵੱਧ ਰੀਸਾਈਕਲਿੰਗ ਯੂਨਿਟ ਲਗਾਏ ਜਾਣ। ਸਥਾਨਕ ਪ੍ਰਸ਼ਾਸਨ ਜਾਂ ਪੰਚਾਇਤਾਂ ਇਸ ਜ਼ਿੰਮੇਵਾਰੀ ਨੂੰ ਸੁਹਿਰਦਤਾ ਨਾਲ ਨਿਭਾਉਣ।

ਇੱਕ ਵਾਰ ਵਰਤੋਂ ਵਿੱਚ ਲਿਆਉਣ ਵਾਲੇ ਪਲਾਸਟਿਕ ਦੀ ਵਰਤੋਂ ਸਖ਼ਤੀ ਨਾਲ ਖ਼ਤਮ ਕੀਤੀ ਜਾਵੇ।

ਘਰਾਂ ਵਿੱਚ ਪਲਾਸਟਿਕ ਦਾ ਕੂੜਾ ਘੱਟ ਪੈਦਾ ਕੀਤਾ ਜਾਵੇ। ਵੱਧ ਤੋਂ ਵੱਧ ਪਲਾਸਟਿਕ ਕੂੜਾ ਇਕੱਠਾ ਕਰਕੇ ਰੀਸਾਈਕਲਿੰਗ ਯੂਨਿਟਾਂ ਕੋਲ ਪਹੁੰਚਾਇਆ ਜਾਵੇ।

ਪਲਾਸਟਿਕ ਦੇ ਲਿਫ਼ਾਫ਼ਿਆਂ ਬਾਬਤ ਬਣਿਆ ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਪਲਾਸਟਿਕ ਕੂੜੇ ਨੂੰ ਪਾਣੀਆਂ ਵਿੱਚ ਜਾਣ ਜਾਂ ਮਿੱਟੀ ਥੱਲੇ ਦੱਬੇ ਜਾਣ ਤੋਂ ਪਹਿਲਾਂ ਹੀ ਚੁਗ ਲੈਣ ਲਈ ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣ।



# ਪਿੰਡਾਂ ਦੇ ਨਾਵਾਂ ਨਾਲ ਮੁਹਾਵਰਿਆਂ ਦਾ ਸਬੰਧ




**ਨਵਦੀਪ ਸੁੱਖੀ/**
**ਪੇਸ਼ਕਸ਼ ਜਸਵੀਰ ਸ਼ਰਮਾ ਦੱਦਾਹੂਰ ਸ਼੍ਰੀ ਮੁਕਤਸਰ ਸਾਹਿਬ**
**9569149556**

ਬਠਿੰਡੇ ਜਿਲ੍ਹੇ ਦੇ ਕਈ ਪਿੰਡਾਂ ਦੇ ਨਾਵਾਂ ਨਾਲ ਜੁੜੇ ਹੋਏ ਕੁਝ ਮੁਹਾਵਰੇ /ਅਖਾਣ ਬਣੇ ਹੋਏ ਸਨ ਜੋ ਕਿ ਇਸ ਇਲਾਕੇ ਦੇ ਲੋਕਾਂ ਨੂੰ ਹੀ ਸਮਝ ਆ ਸਕਦੇ ਸੀ ਪਰ ਮੇਰੇ ਅਧਿਆਪਕ ਸਾਥੀ ਇਨ੍ਹਾਂ ਦੀ ਆਮ ਵਰਤੋਂ ਕਰਦੇ ਰਹਿੰਦੇ ਸੀ। ਇਨ੍ਹਾਂ ਵਿੱਚੋਂ ਜੋ ਮੈਨੂੰ ਯਾਦ ਰਹੇ ਉਹ ਇਹ ਹਨ:

1. **ਮੰਗ ਤਾ ਪੂਹਲੇ:** ਇਹ ਉਦੋਂ ਕਿਹਾ ਜਾਂਦਾ ਸੀ ਜਦ ਕਿਸੇ ਨੂੰ ਅਜੇਹੀ ਮੁਸੀਬਤ ਪੈ ਜਾਂਦੀ ਜੋ ਲੰਮਾ ਅਰਸਾ ਚੱਲਣ ਵਾਲੀ ਹੁੰਦੀ। ਫੇਰ ਕਹਿੰਦੇ - ਫਲਾਣਾ ਤਾਂ ਮੰਗ ਤਾ ਪੂਹਲੇ। ਇਸ ਅਖਾਣ ਦਾ ਅਧਾਰ ਇਹ ਸੀ ਕਿ ਕਿਸੇ ਸਮੇਂ ਪਿੰਡ ਪੂਹਲੇ ਨੂੰ ਕੋਈ ਪੱਕੀ ਸੜਕ ਨਹੀਂ ਜਾਂਦੀ ਸੀ ਅਤੇ ਜੇਕਰ ਕਿਸੇ ਦਾ ਸਾਕ ਪੂਹਲੇ ਹੋ ਜਾਂਦਾ ਤਾਂ ਸੋਹਰੇ ਆਣ-ਜਾਣ ਲੱਗੇ 8-10 ਮੀਲ ਕੱਚੇ ਰਾਹ ਪੈਦਲ ਜਾਣਾ ਪੈਂਦਾ ਸੀ।ਵਿਅੰਗ ਦੇ ਤੌਰ ਤੇ ਇਹ ਗੱਲ ਆਖੀ ਜਾਂਦੀ ਰਹੀ ਹੈ।

2. **ਇਹ ਸਾਰੀਆਂ ਹਨੇਰੀਆਂ ਕਲਿਆਣਾਂ ਵਾਲੇ ਟਿੱਬਿਆਂ ਤੋਂ ਉਠਦੀਆਂ ਐ** - ਜਦ ਪਤਾ ਹੁੰਦਾ ਕਿ ਸਾਰੀ ਸ਼ਰਾਰਤ ਦੀ ਜੜ੍ਹ ਫਲਾਣਾ ਬੰਦਾ ਹੀ ਹੈ। ਪਹਿਲੇ ਪਿੰਡ ਕਲਿਆਣ ਕੋਲ ਅਨੇਕਾਂ ਟਿੱਬੇ ਸੀ ਅਤੇ ਜਦ ਵੀ ਕਾਲੀ-ਬੋਲੀ ਹਨੇਰੀ ਆਉਂਦੀ ਤਾਂ ਸਾਰੇ ਇਹੋ ਸੋਚਦੇ ਸੀ ਬਈ ਇਹ ਹਨੇਰੀ ਦੀ ਸਾਰੀ ਰੇਤ ਉਨ੍ਹਾਂ ਟਿੱਬਿਆਂ ਤੋਂ ਹੀ ਆਉਂਦੀ ਹੈ।

3. **ਜੋਗੇ ਵਿਆਹੇ ਹੋਣਾ** - ਜੇਕਰ ਕੋਈ ਬਾਹਲੀ ਫੂੰ-ਫਾਂ ਵਿਖਾਉਂਦਾ ਤਾਂ ਉਸ ਨੂੰ ਕਹਿੰਦੇ - ਨਾਂ ਤੂੰ ਜੋਗੇ ਵਿਆਹਿਆ ਐਂ ? ਦਰਅਸਲ ਇਹ ਮੰਨਿਆ ਜਾਂਦਾ ਸੀ ਮਾਨਸਾ ਨੇੜੇ ਦੇ ਪਿੰਡ ਜੋਗੇ-ਰੱਲੇ ਦੀਆਂ ਔਰਤਾਂ ਬਹੁਤ ਖੂਬਸੂਰਤ ਹੁੰਦੀਆਂ ਸਨ। ਮਾਲਵੇ ਦੇ ਕਈ ਰਾਜਿਆਂ ਦੀਆਂ ਰਾਣੀਆਂ ਇਨ੍ਹਾਂ ਪਿੰਡਾਂ ਦੀਆਂ ਸਨ।

4. **ਬੰਦਾ ਐਂ ਕਿ ਚੰਦਭਾਨ ਦਾ ਟੇਸ਼ਣ** - ਜਦੋਂ ਕੋਈ ਮੂਰਖਤਾ ਵਿਖਾਵੇ ਤਾਂ ਉਸਨੂੰ ਕਿਹਾ ਜਾਂਦਾ ਹੈ ਕਿ ਤੂੰ ਬੰਦਾ ਐਂ ਕਿ ਚੰਦਭਾਨ ਦਾ ਟੇਸ਼ਣ ? ਇਸ ਬਾਰੇ ਚੰਦਭਾਨ ਦੇ ਬਾਸ਼ਿੰਦੇ ਨੇ ਦੱਸਿਆ ਕਿ ਜਦ ਫਿਰੋਜਪੁਰ-ਕੋਟ ਕਪੂਰਾ-ਬਠਿੰਡਾ ਰੇਲਵੇ ਲਾਈਨ ਬਣੀ ਤਾਂ ਆਮਤੌਰ ਤੇ ਸਟੇਸ਼ਨਾਂ ਦਾ ਘੱਟੋਂ-ਘੱਟ ਫਾਸਲਾ 10 ਮੀਲ/15 ਕਿਲੋਮੀਟਰ ਰੱਖਿਆ ਗਿਆ ਸੀ। ਕੋਟ ਕਪੂਰੇ ਤੋਂ ਅਗਲਾ ਸਟੇਸ਼ਨ ਸੀ ਜੈਤੋ, ਫੇਰ ਗੋਨਿਆਨਾ ਅਤੇ ਫੇਰ ਬਠਿੰਡਾ। ਕਹਿੰਦੇ ਚੰਦਭਾਨ ਦੇ ਕਿਸੇ ਬੰਦੇ ਨੇ ਰੇਲਵੇ ਦੇ ਕਿਸੇ ਅਫਸਰ ਦੀ ਬਹੁਤ ਸੇਵਾ ਕੀਤੀ ਤਾਂ ਅਫਸਰ ਨੇ ਖੁਸ਼ ਹੋਕੇ ਪੁੱਛਿਆ ਮੰਗ ਕੀ ਮੰਗਦਾ ਐਂ। ਉਹ ਕਹਿੰਦਾ- ਜੀ ਚੰਦਭਾਨ ਵਿਖੇ ਗੱਡੀ ਖੜ੍ਹਨ ਲਾ ਦਿਓ। ਇੱਥੇ ਸਟੇਸ਼ਨ ਤਾਂ ਬਣਿਆ ਹੋਇਆ ਨਹੀਂ ਸੀ। ਸੋ ਅਫਸਰ ਕਹਿੰਦਾ ਤੂੰ ਇੱਥੇ ਛੋਟਾ ਜਿਹਾ ਤੰਬੂ ਲਾ ਲੈ, ਗੱਡੀ ਰੋਕਣ ਲਈ ਮੈਂ ਹੁਕਮ ਕਰ ਦੇਉਂ। ਜਦ ਗੱਡੀ ਇੱਥੇ ਖੜ੍ਹਦੀ ਲੋਕ ਬਾਹਰ ਝਾਕ ਕੇ ਵੇਖਦੇ ਤਾਂ ਸਟੇਸ਼ਨ ਦੀ ਇਮਾਰਤ ਦੀ ਥਾਂ ਤੰਬੂ ਲੱਗਿਆ ਵੇਖ ਕੇ ਮਜਾਕ ਨਾਲ ਕਹਿੰਦੇ- ਉਏ, ਆਹ ਚੰਦਭਾਨ ਦਾ ਟੇਸ਼ਣ ਐ.ਫੇਰ ਹੋਲੇ ਹੋਲੇ ਇਹੋ ਸ਼ਬਦ ਮੂਰਖ ਬੰਦਿਆਂ ਲਈ ਵੀ ਵਰਤੇ ਜਾਣ ਲੱਗੇ।

5. **ਮੁੜ ਭੂੰਦੜ ਨਹੀਂ ਜਾਣਾ**- ਕਿਸੇ ਕੰਮ ਤੋਂ ਬਿਨਾਂ ਮੁੜ ਇਸ ਪਿੰਡ ਨਹੀਂ ਜਾਣਾ ਕੰਨਾਂ ਨੂੰ ਹੱਥ ਲਾਏ। ਇਸ ਪਿੱਛੇ ਕਾਰਨ ਪਤਾ ਕਰਨ ਤੇ ਦੱਸਿਆ ਗਿਆ ਕਿ ਜੋ ਪੁਰਾਤਨ ਸਮਿਆਂ ਵਿੱਚ ਪਿੰਡਾਂ ਵਿੱਚ ਨਚਾਰ ਆਇਆ ਕਰਦੇ ਸਨ ਤੇ ਲੋਕਾਂ ਦੇ ਮਨੋਰੰਜਨ ਕਰਨ ਤੇ ਲੋਕ ਇਨਾਂ ਨੂੰ ਰੁਪੱਈਆ ਧੇਲੀ ਦੋ ਚਾਰ ਰੁਪਏ ਦੇ ਦਿੰਦੇ ਸਨ। ਕਹਿੰਦੇ ਹਨ ਕਿ ਓਹ ਇਸ ਤੋਂ ਨਾ ਖੁਸ਼ ਸਨ। ਇੱਕ ਵਾਰ ਇਸੇ ਗੱਲੋਂ ਖਾਰ ਖਾਂਦਿਆਂ ਇੱਕ ਰਾਤ ਸਾਰੀ ਰਾਤ ਨੱਚਣ ਤੇ ਵੀ ਲੋਕਾਂ ਵੱਲੋਂ ਇਨ੍ਹਾਂ ਨੂੰ ਕੁੱਝ ਨਹੀਂ ਦਿੱਤਾ ਤਾਂ ਹੀ ਇਹ ਅੱਲ ਪਈ ਸੀ ਕਿ ਫਿਰ ਇਥੇ ਕਦੇ ਵੀ ਨਹੀਂ ਆਉਣਾ ਕਿਉਂਕਿ ਇਥੋਂ ਸਾਨੂੰ ਕੁੱਝ ਮਿਲਦਾ ਨਹੀਂ ਭਾਵ ਸਾਡਾ ਘਰ ਨੀ ਪੂਰਾ ਹੁੰਦਾ। ਉਂਝ ਇਹ ਪਿੰਡ ਬਾਬਾ ਭੂੰਦੜ ਜੀ ਦੇ ਨਾਮ ਤੇ ਵਸਿਆ ਹੋਇਆ ਇਤਿਹਾਸਕ ਪਿੰਡ ਹੈ ਤੇ ਇਸ ਪਿੰਡ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਵੀ ਪ੍ਰਾਪਤ ਹੈ। ਇਸੇ ਤਰਾਂ ਪੰਜਾਬ ਦੇ ਹੋਰ ਪਿੰਡਾਂ ਦੇ ਨਾਵਾਂ ਤੇ ਵੀ ਕੁਝ ਅਖਾਣ ਜਰੂਰ ਹੋਣਗੇ..!

## ਭਗਤੇ ਦੀਆਂ ਦੋ ਹੀ ਚੀਜ਼ਾਂ ਮਸ਼ਹੂਰ ਸੀ

# ਇੱਕ ਭੂਤਾਂ ਵਾਲਾ ਖੂਹ ਅਤੇ ਦੂਜਾ ਏਸੀਆਈ ਚੈਂਪੀਅਨ ਪ੍ਰਦਮਨ ਸਿੰਘ ਬਰਾੜ

**ਸੁਖਨੈਬ ਸਿੰਘ ਸਿੱਧੂ**

ਆਜ਼ਾਦੀ ਹਾਲੇ ਨਵੀਂ ਨਵੀਂ ਆਈ ਸੀ । ਭਗਤੇ ਪਿੰਡ ਦੇ ਬਾਹਰ ਫੌਜੀ ਉਤਰੇ ਸੀ । ਉਹ ਖੇਡਾਂ ਦਾ ਅਭਿਆਸ ਕਰਿਆ ਕਰਨ । ਪਿੰਡ ਵਾਲਿਆਂ ਨੂੰ ਫੌਜੀ ਦੇਖਣੇ ਹੀ ਵਧੀਆ ਲੱਗਦੇ ਸੀ , ਉਹ ਫੌਜੀਆਂ ਦੀਆਂ ਕਸਰਤਾਂ ਅਤੇ ਖੇਡਾਂ ਦੇਖਿਆ ਕਰਨ । ਵਾਰ -ਵਾਰ ਜਵਾਨ ਡਿਸਕਸ ਸੁੱਟਿਆ ਕਰਨ , ਸੂਬੇਦਾਰ ਫੀਤਾ ਲੈ ਕੇ ਮਿਣਤੀ ਕਰਿਆ ਕਰੇ ਕਿ ਕਿੰਨੀ ਕੁ ਦੂਰ ਸੁੱਟਤੀ । ਭੀੜ ਵਿੱਚੋਂ ਖੜ੍ਹਾ ਇੱਕ ਅਨਘੜ ਜਾ ਗੱਭਰੂ ਬੋਲਿਆ , 'ਆਹ ਪਾਥੀ ਜੀ ਇਹਨਾ ਨਾਲੋਂ ਦੂਰ ਤਾਂ ਮੈ ਸਿੱਟਦੂ ।' ਗੱਲ ਕੋਲ ਖੜ੍ਹੇ ਸਾਹਿਬ ਦੇ ਕੰਨੀ ਪੈ ਗਈ ਅਤੇ ਪਾਰਖੂ ਅੱਖ ਨੇ ਇਸ਼ਾਰਾ ਕੀਤਾ , 'ਸਿੱਟ ਫਿਰ'

ਭੀੜ 'ਚ ਖੜ੍ਹ ਕੇ ਮਾਰੀ ਫੜ ਹੁਣ ਮੁੱਛ ਦਾ ਸਵਾਲ ਸੀ । ਮੁੰਡੇ ਨੇ ਡਿਸਕਸ ਵਗਾਹ ਕੇ ਐਸੀ ਮਾਰੀ , ਜਿੱਥੇ ਫੀਤਾ ਲਈ ਸੂਬੇਦਾਰ ਖੜਾ ਸੀ , ਉਹਦੇ ਤੋਂ ਅਗਾਹ ਲੰਘਗੀ । ਸਿੱਧੀ ਨੈਸ਼ਨਲ ਰਿਕਾਰਡ ਦੇ ਨੇੜੇ ਜਾ ਵੱਜੀ।

'ਹੈਂ , ਬੱਲੇ ਗੱਭਰੂਆਂ , ਕਿੱਥੋ ਸੁੱਟਨੀ ਸਿੱਖੀ ।' ਸਾਹਿਬ ਨੇ ਪੁੱਛਿਆ ।

'ਸਿੱਖੀ ਸੁੱਖੀ ਤਾਂ ਕੋਈ ਨਹੀਂ ਜੀ , ਬੱਸ ਅਟਸਟੇ ਨਾਲ ਸਿੱਟਤੀ ।' ਕੰਨ ਜੇ ਖੁਰਕਦਾ ਦਮਨ ਬੋਲਿਆ।

ਮੁੰਡੇ ਨੂੰ ਫੌਜ 'ਚ ਭਰਤੀ ਕਰ ਲਿਆ। ਫਿਰ ਭਗਤੇ ਦੀਆਂ ਦੋ ਹੀ ਚੀਜ਼ਾਂ ਮਸ਼ਹੂਰ ਸੀ । 'ਇੱਕ ਭੂਤਾਂ ਵਾਲਾ ਖੂਹ ' ਅਤੇ 'ਦੂਜਾ ਏਸੀਆਈ ਚੈਂਪੀਅਨ ਪ੍ਰਦਮਨ ਸਿੰਘ ਬਰਾੜ ।'

ਫੌਜ 'ਚ ਜਾ ਕੇ ਟਰੇਨਿੰਗ ਮਿਲੀ ਅਤੇ ਦੇਸ਼ ਨੂੰ 5 ਏਸ਼ੀਆਈ ਮੈਡਲ ਮਿਲੇ । 1950, 54, 58 ਅਤੇ 59 ਵਿੱਚ ਉਹਨੇ ਰਾਸ਼ਟਰੀ ਪੱਧਰ ਤੇ ਗੋਲਾ ਅਤੇ ਡਿਸਕਸ ਸੁੱਟਣ 'ਚ ਮੱਲਾਂ ਮਾਰੀਆਂ ।

1954 'ਚ ਮਨੀਲਾ 'ਚ ਹੋਈਆਂ ਏਸੀਆਈ ਖੇਡਾਂ 'ਚ ਪ੍ਰਦਮਨ ਸਿੰਘ ਨੇ ਗੋਲਾ ਅਤੇ ਪਾਥੀ ਸੁੱਟਣ 'ਚ ਸੋਨੇ ਦੇ ਮੈਡਲ ਜਿੱਤੇ । ਫਿਰ 58 'ਚ ਟੋਕੀਓ ਵਿੱਚ ਵੀ ਉਹੀ ਇਤਿਹਾਸ ਦੁਹਰਾ ਦਿੱਤਾ । ਉਦੋਂ ਮਿਲਖਾ ਸਿੰਘ ਵੀ



ਜੇਤੂ ਸੀ ਅਤੇ ਨਾਲ ਪ੍ਰਵੀਨ ਕੁਮਾਰ ਵੀ । ਪਟਿਆਲੇ ਆਉਣ ਤੇ ਖੁੱਲ੍ਹੀ ਬਾਡੀ ਦੀ ਜੀਪ 'ਚ ਖੜ੍ਹੇ ਏਸੀਅਨ ਚੈਂਪੀਅਨਾਂ ਦੇ ਜਲੂਸ ਨੂੰ ਯਾਦ ਕਰਦਾ ਸ: ਪ੍ਰਦਮਨ ਸਿੰਘ ਤੁਰ ਗਿਆ । ਮੈਡਲ ਉਹਨਾ ਨੇ 1962 ਵੀ ਜਿੱਤਿਆ ਸਿੰਗਾਪੁਰ ਏਸ਼ੀਅਨ ਖੇਡਾਂ ਵੇਲੇ ਉਹਦਾ ਸ਼ਾਇਦ ਮੋਢਾ ਉੱਤਰ ਗਿਆ ਸੀ । ਪਰ ਬਰਾੜ ਨੇ ਮੋਢੇ 'ਤੇ ਬੰਨ ਕੇ ਡੱਬੀਆਂ ਵਾਲਾ ਪਰਨਾ ਮਾਰੀ ਕੇ ਵਗਾਹ ਡਿਸਕਸ ਪਰ ਚੌਥੇ ਨੰਬਰ ਤੇ ਰਹਿ ਗਿਆ।

ਅਰਜਨਾ ਐਵਾਰਡੀ ਯੋਧੇ ਨੂੰ ਮੈਂ ਜਿੰਦਗੀ ਦੇ ਆਖਰੀ ਸਾਹ ਗਿਣਦੇ ਵੀ ਦੇਖਿਆ ਅਤੇ 2007 'ਚ ਉਹਦੀ ਆਖ਼ਰੀ ਯਾਤਰਾ 'ਚ ਸ਼ਾਮਿਲ ਵੀ ਹੋਇਆ ਸੀ। ਪਰ ਸਰਕਾਰ ਨੇ ਉਸਦੇ ਆਖ਼ਰੀ ਸਮੇਂ ਕੁਝ ਵੀ ਉਪਰਾਲਾ ਨਹੀਂ ਕੀਤਾ ਨਹੀਂ ਤਾਂ ਅੱਜ ਭਗਤੇ ਵਿੱਚੋਂ ਕੋਈ ਵੱਡਾ ਖਿਡਾਰੀ ਵੀ ਪੈਦਾ ਹੋ ਸਕਦਾ ਸੀ ।

# ਅਲਬਰਟਾ ਐਨਰਜੀ ਰਿਬੇਟ ,ਅਲਬਰਟਾ ਵਾਸੀਆਂ ਦੀ ਜੇਬ ਵਿੱਚ ਪੈਸੇ ਵਾਪਸ ਪਾਉਣਾ

### ਸੰਖੇਪ ਜਾਣਕਾਰੀ

ਅਲਬਰਟਾ ਦੀ ਸਰਕਾਰ ਕਰਿਆਨੇ (ਗ੍ਰੋਸਰੀ), ਫਿਊਲ (ਤੇਲ/ਬਾਲਣ) ਅਤੇ ਹੋਰ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਦੀ ਕੀਮਤ ਵਿੱਚ ਮਦਦ ਕਰਨ ਲਈ ਇੱਕ ਨਵਾਂ ਇੱਕ-ਵਾਰੀ ਅਲਬਰਟਾ ਐਨਰਜੀ ਰਿਬੇਟ (Alberta Energy Rebate) ਸ਼ੁਰੂ ਕਰ ਰਹੀ ਹੈ। 1 ਜੁਲਾਈ, 2026 ਤੋਂ, ਯੋਗ ਅਲਬਰਟਾ ਵਾਸੀ ਸਾਡੇ ਸੁਰੱਖਿਅਤ ਆਨਲਾਈਨ ਪੋਰਟਲ ਰਾਹੀਂ £100 ਪ੍ਰਾਪਤ ਕਰਨ ਲਈ ਅਪਲਾਈ ਕਰ ਸਕਦੇ ਹਨ।

ਇਹ ਰਿਬੇਟ ਫਿਊਲ ਟੈਕਸ ਰਿਲੀਫ ਪ੍ਰੋਗਰਾਮ (Fuel Tax Relief Program) ਦੀ ਜਗ੍ਹਾ ਲਵੇਗਾ ਜੋ 1 ਜੁਲਾਈ, 2026 ਨੂੰ ਲਾਗੂ ਹੋਣਾ ਸੀ। ਇਹ ਰਿਬੇਟ ਪ੍ਰਤੀ ਵਿਅਕਤੀ 50 ਪ੍ਰਤੀਸ਼ਤ ਵੱਧ ਬਚਤ ਪ੍ਰਦਾਨ ਕਰਦਾ ਹੈ ਜਿੰਨੀ ਕਿ ਇੱਕ ਔਸਤ ਅਲਬਰਟਾ ਵਾਸੀ ਨੇ ਤਿੰਨ ਮਹੀਨਿਆਂ ਵਿੱਚ ਫਿਊਲ ਟੈਕਸਾਂ @ਤੇ ਬਚਾਈ ਹੁੰਦੀ, ਜਦੋਂ ਕਿ ਇਹ ਪਰਿਵਾਰਾਂ ਨੂੰ ਇਸ ਗੱਲ @ਤੇ ਵਧੇਰੇ ਵਿਕਲਪ ਅਤੇ ਲਚਕਤਾ (flexibility) ਦਿੰਦਾ ਹੈ ਕਿ ਉਹ ਇਸਨੂੰ ਕਿਵੇਂ ਖਰਚ ਕਰਦੇ ਹਨ।

ਅਰਜ਼ੀਆਂ 1 ਜੁਲਾਈ, 2026 ਤੋਂ 30 ਸਤੰਬਰ, 2026 ਤੱਕ ਸਵੀਕਾਰ ਕੀਤੀਆਂ ਜਾਣਗੀਆਂ।

## ਯੋਗਤਾ

ਯੋਗ ਹੋਣ ਲਈ, ਬਿਨੈਕਾਰਾਂ ਨੂੰ ਹੇਠ ਲਿਖੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਨਾ ਚਾਹੀਦਾ ਹੈ:

- 1 ਜੁਲਾਈ, 2026 ਤੱਕ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ।
- ਤੁਸੀਂ ਅਲਬਰਟਾ ਦੇ ਨਿਵਾਸੀ ਹੋਣੇ ਚਾਹੀਦੇ ਹੋ।
- ਤੁਸੀਂ ਆਪਣੀ 2025 ਦੀ ਟੈਕਸ ਰਿਟਰਨ ਫਾਈਲ ਕੀਤੀ ਹੋਣੀ ਚਾਹੀਦੀ ਹੈ।
- ਤੁਹਾਡੀ ਕੁੱਲ ਘਰੇਲੂ ਸਾਲਾਨਾ ਆਮਦਨ $225,000 ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ।

ਅਲਬਰਟਾ ਐਨਰਜੀ ਰਿਬੇਟ ਦੀ ਯੋਗਤਾ ਦੇ ਉਦੇਸ਼ਾਂ ਲਈ, ਇੱਕ ਘਰ ਨੂੰ ਇੱਕ ਇਕੱਲੇ ਵਿਅਕਤੀ ਜਾਂ ਦੋ ਵਿਅਕਤੀਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਵਿਆਹੇ ਹੋਏ ਹਨ ਜਾਂ ਕਾਮਨ-ਲਾਅ ਰਿਸ਼ਤੇ ਵਿੱਚ ਹਨ।

ਇੱਕੋ ਪਤੇ 'ਤੇ ਰਹਿਣ ਵਾਲੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਲਬਰਟਾ ਵਾਸੀ, ਪਰ ਜੋ ਵਿਆਹੇ ਹੋਏ ਜਾਂ ਕਾਮਨ-ਲਾਅ ਨਹੀਂ ਹਨ, ਉਨ੍ਹਾਂ ਨੂੰ ਵੱਖਰੇ ਘਰ ਮੰਨਿਆ ਜਾਵੇਗਾ। ਇਸ ਵਿੱਚ ਸ਼ਾਮਲ ਹਨ: ਰੂਮਮੇਟ

### 18 ਸਾਲ ਤੋਂ ਵੱਧ ਉਮਰ ਦੇ ਬੱਚੇ

ਉਸੇ ਘਰ ਵਿੱਚ ਰਹਿਣ ਵਾਲੇ ਹੋਰ ਬਾਲਗ ਪਰਿਵਾਰਕ ਮੈਂਬਰ ਭੁਗਤਾਨ ਪ੍ਰਾਪਤ ਕਰਨ ਲਈ ਹਰੇਕ ਯੋਗ ਬਾਲਗ ਨੂੰ ਵੱਖਰੇ ਤੌਰ 'ਤੇ ਅਪਲਾਈ ਕਰਨ ਦੀ ਲੋੜ ਹੋਵੇਗੀ। ਅਲਬਰਟਾ ਸੀਨੀਅਰਜ਼ ਬੈਨੀਫਿਟ ਪ੍ਰਾਪਤ ਕਰਨ ਵਾਲੇ ਅਲਬਰਟਾ ਵਾਸੀ ਅਤੇ ਅਸ਼ੋਰਡ ਇਨਕਮ ਫਾਰ ਦਿ ਸਿਵੀਅਰਲੀ ਹੈਂਡੀਕੈਪਡ (AISH) ਵਿੱਚ ਦ ਰਜ ਲੋਕ — ਜਿਨ੍ਹਾਂ ਵਿੱਚ ਅਲਬਰਟਾ ਡਿਸਏਬਿਲਿਟੀ ਅਸਿਸਟੈਂਸ ਪ੍ਰੋਗਰਾਮ ਵਿੱਚ ਤਬਦੀਲ ਕੀਤੇ ਗਏ AISH ਕਲਾਇੰਟ ਸ਼ਾਮਲ ਹਨ — ਅਤੇ ਇਨਕਮ ਸਪੋਰਟ ਵਾਲੇ ਲੋਕ ਬਿਨਾਂ ਕਿਸੇ ਅਰਜ਼ੀ ਦੇ ਆਪਣੀ ਰਿਬੇਟ ਪ੍ਰਾਪਤ ਕਰਨ ਲਈ ਆਪਣੇ ਆਪ ਦਰਜ (enroll) ਹੋ ਜਾਣਗੇ। ਨਵੇਂ ਕਲਾਇੰਟ ਜੋ 1 ਜੁਲਾਈ ਤੋਂ ਬਾਅਦ ਇਹਨਾਂ ਪ੍ਰੋਗਰਾਮਾਂ ਵਿੱਚ ਦਰਜ ਹੁੰਦੇ ਹਨ, ਉਹਨਾਂ ਨੂੰ ਪੋਰਟਲ ਰਾਹੀਂ ਅਪਲਾਈ ਕਰਨ ਦੀ ਲੋੜ ਹੋਵੇਗੀ।

ਰਿਬੇਟਸ ਅਪਲਾਈ ਕਰਨ ਦੇ 14 ਦਿਨਾਂ ਦੇ ਅੰਦਰ ਈ-ਟ੍ਰਾਂਸਫਰ ਦੁਆਰਾ ਸਿੱਧੇ ਤੁਹਾਡੇ ਬੈਂਕ ਖਾਤੇ ਵਿੱਚ ਜਾਂ ਈਮੇਲ ਦੁਆਰਾ ਭੇਜੇ ਜਾਣਗੇ। ਇਹ ਰਿਬੇਟਸ ਨੂੰ ਗਲਤ ਖਾਤੇ ਵਿੱਚ ਜਾਣ ਤੋਂ ਰੋਕਦਾ ਹੈ ਅਤੇ ਧੋਖਾਧੜੀ ਤੇ ਮੈਨੂਅਲ ਗਲਤੀਆਂ ਨੂੰ ਘਟਾਉਂਦਾ ਹੈ। ਰਿਬੇਟਸ ਗੈਰ-ਟੈਕਸਯੋਗ ਹਨ ਅਤੇ ਹੋਰ ਸਰਕਾਰੀ ਲਾਭਾਂ ਨੂੰ ਪ੍ਰਭਾਵਿਤ ਨਹੀਂ ਕਰਨਗੇ।

ਨੋਟ: ਪ੍ਰਤੀ ਵਿਅਕਤੀ ਸਿਰਫ਼ ਇੱਕ ਹੀ ਅਰਜ਼ੀ ਦੀ ਇਜਾਜ਼ਤ ਹੈ। ਯੋਗਤਾ ਦੀ ਪੁਸ਼ਟੀ ਕਰਨ ਲਈ ਸਾਰੀਆਂ ਅਰਜ਼ੀਆਂ ਦੀ ਸਮੀਖਿਆ ਅਤੇ ਪੁਸ਼ਟੀ ਕੀਤੀ ਜਾਵੇਗੀ।

## ਘਰੇਲੂ ਆਮਦਨ ਦੀ ਗਣਨਾ

ਘਰੇਲੂ ਆਮਦਨ ਦੀ ਗਣਨਾ ਕੈਨੇਡਾ ਰੈਵੇਨਿਊ ਏਜੰਸੀ (CRA) ਕੋਲ ਤੁਹਾਡੀ ਅਤੇ, ਜੇ ਲਾਗੂ ਹੋਵੇ, ਤੁਹਾਡੇ ਜੀਵਨ ਸਾਥੀ (spouse) ਜਾਂ ਕਾਮਨ-ਲਾਅ ਪਾਰਟਨਰ ਦੀ 2025 ਦੀ ਟੈਕਸ ਰਿਟਰਨ 'ਤੇ ਦੱਸੀਆਂ ਗਈਆਂ ਰਕਮਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

ਘਰੇਲੂ ਆਮਦਨ ਦਾ ਪੈਮਾਨਾ ਵਿਅਕਤੀ ਅਤੇ ਉਹਨਾਂ ਦੇ ਜੀਵਨ ਸਾਥੀ ਜਾਂ ਕਾਮਨ-ਲਾਅ ਪਾਰਟਨਰ (ਜੇ ਲਾਗੂ ਹੋਵੇ) ਦੋਵਾਂ ਲਈ ਹੇਠ ਲਿਖੀ ਗਣਨਾ ਦਾ ਜੋੜ ਹੈ:

ਕੁੱਲ ਆਮਦਨ (ਲਾਈਨ 15000), ਘਟਾਓ:
ਸਪਲਿਟ ਪੈਨਸ਼ਨ ਦੀਆਂ ਰਕਮਾਂ (ਲਾਈਨ 21000)
ਟਿਊਸ਼ਨ ਖਰਚੇ (ਲਾਈਨ 32000)
ਆਪਣੇ ਲਈ, ਜੀਵਨ ਸਾਥੀ/ਕਾਮਨ-ਲਾਅ ਪਾਰਟਨਰ ਜਾਂ 18 ਸਾਲ ਤੋਂ ਘੱਟ ਉਮਰ ਦੇ ਆਸ਼ਰਿਤ ਬੱਚਿਆਂ ਲਈ ਡਾਕਟਰੀ (ਮੈਡੀਕਲ) ਖਰਚੇ (ਲਾਈਨ 33099)
ਹੋਰ ਆਸ਼ਰਿਤਾਂ ਲਈ ਡਾਕਟਰੀ ਖਰਚੇ (ਲਾਈਨ 33199)

## ਅਪਲਾਈ ਕਿਵੇਂ ਕਰਨਾ ਹੈ

**ਕਦਮ 1:** ਆਪਣੇ ਵੈਰੀਫਾਈਡAlberta.ca account ਖਾਤੇ ਵਿੱਚ ਲੌਗ ਇਨ ਕਰੋ

ਜੇਕਰ ਤੁਹਾਡਾ ਖਾਤਾ ਨਹੀਂ ਹੈ, ਤਾਂ ਤੁਸੀਂ ਸਿੱਧੇ Alberta.ca 'ਤੇ ਸਾਈਨ ਅੱਪ ਕਰ ਸਕਦੇ ਹੋ।

**ਕਦਮ 2:** ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ

ਬਿਨੈਕਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ: ਤੁਹਾਡੇ ਅਲਬਰਟਾ ਡਰਾਈਵਿੰਗ ਲਾਇਸੰਸ ਜਾਂ ਪਛਾਣ ਪੱਤਰ (ID card) 'ਤੇ ਤੁਹਾਡਾ ਡਾਕ ਦਾ ਪਤਾ (mailing address) ਤੁਹਾਡੇ Alberta.ca ਖਾਤੇ ਦੀ ਜਾਣਕਾਰੀ ਨਾਲ ਮੇਲ ਖਾਂਦਾ ਹੋਵੇ।

**ਕਦਮ 3:** ਆਨਲਾਈਨ ਪੋਰਟਲ alberta.ca/alberta-energy-rebate ਰਾਹੀਂ ਰਜਿਸਟਰ ਕਰੋ

ਭੁਗਤਾਨ ਪੋਰਟਲ ਵਿੱਚ ਲੌਗ ਇਨ ਕਰਨ ਤੋਂ ਬਾਅਦ, ਤੁਹਾਨੂੰ ਇਹ ਪ੍ਰਦਾਨ ਕਰਨ ਦੀ ਲੋੜ ਹੋਵੇਗੀ:

### ਤੁਹਾਡਾ ਸੋਸ਼ਲ ਇੰਸ਼ੋਰੈਂਸ ਨੰਬਰ (SIN)

ਤੁਹਾਡੇ ਜੀਵਨ ਸਾਥੀ ਜਾਂ ਕਾਮਨ-ਲਾਅ ਪਾਰਟਨਰ ਦਾ SIN, ਜਨਮ ਮਿਤੀ, ਕਾਨੂੰਨੀ ਦਿੱਤਾ ਗਿਆ ਨਾਮ, ਅਤੇ ਕਾਨੂੰਨੀ ਆਖਰੀ ਨਾਮ ਜਿਵੇਂ ਕਿ ਤੁਹਾਡੀ 2025 ਦੀ ਇਨਕਮ ਟੈਕਸ ਰਿਟਰਨ ਵਿੱਚ ਦੱਸਿਆ ਗਿਆ ਹੈ (ਜੇ ਲਾਗੂ ਹੋਵੇ)

**ਕਦਮ 4:** ਆਪਣਾ ਭੁਗਤਾਨ ਤਰੀਕਾ ਸੈੱਟ ਅੱਪ ਕਰੋ

ਇੰਟਰਐਕ ਦੀ ਵੈਰੀਫਿਕੇਸ਼ਨ ਸਰਵਿਸ ਦੀ ਵਰਤੋਂ ਕਰਕੇ ਭੁਗਤਾਨ ਤੁਹਾਡੇ ਬੈਂਕ ਖਾਤੇ ਵਿੱਚ ਈ-ਟ੍ਰਾਂਸਫਰ ਰਾਹੀਂ ਭੇਜੇ ਜਾਣਗੇ।

**ਕਦਮ 5:** ਆਪਣੀ ਅਰਜ਼ੀ ਨੂੰ ਸੇਵ ਅਤੇ ਸਬਮਿਟ ਕਰੋ

ਤੁਸੀਂ ਕਿਸੇ ਵੀ ਸਮੇਂ ਆਪਣੀ ਅਰਜ਼ੀ ਨੂੰ ਰੋਕ ਸਕਦੇ ਹੋ ਅਤੇ ਇਸ 'ਤੇ ਵਾਪਸ ਆ ਸਕਦੇ ਹੋ; ਪ੍ਰਗਤੀ ਆਪਣੇ ਆਪ ਸੇਵ ਹੋ ਜਾਂਦੀ ਹੈ।

ਇੱਕ ਵਾਰ ਸਬਮਿਟ ਕਰਨ ਤੋਂ ਬਾਅਦ, ਕੋਈ ਬਦਲਾਅ ਨਹੀਂ ਕੀਤਾ ਜਾ ਸਕਦਾ।

ਕਿਰਪਾ ਕਰਕੇ ਸਬਮਿਟ ਕਰਨ ਤੋਂ ਬਾਅਦ ਸਮੀਖਿਆ (review) ਲਈ 14 ਦਿਨਾਂ ਤੱਕ ਦਾ ਸਮਾਂ ਦਿਓ।

ਮਦਦ ਦੀ ਲੋੜ ਹੈ ?

ਜੇਕਰ ਤੁਹਾਡੇ ਕੋਲ ਅਲਬਰਟਾ ਐਨਰਜੀ ਰਿਬੇਟ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਈਮੇਲ ਕਰੋ: AlbertaEnergyRebate@gov.ab.ca ਜਾਂ 780-401-4014 'ਤੇ ਜਾਂ ਟੋਲ ਫ੍ਰੀ 1-844-401-4014 'ਤੇ ਕਾਲ ਕਰੋ। ਕਾਲ ਸੈਂਟਰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:15 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ, ਜੇਕਰ ਤੁਹਾਨੂੰ ਆਪਣੇ Alberta.ca ਖਾਤੇ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ Alberta.ca ਅਕਾਊਂਟ ਟੀਮ ਨਾਲ 1-844-643-2789 'ਤੇ ਸੰਪਰਕ ਕਰੋ।

ਮਹੱਤਵਪੂਰਨ: ਆਪਣੀ ਈਮੇਲ ਵਿੱਚ ਕੋਈ ਵੀ ਨਿੱਜੀ ਜਾਂ ਗੁਪਤ ਜਾਣਕਾਰੀ ਸ਼ਾਮਲ ਨਾ ਕਰੋ।

# ਭਿਖਾਰੀ ਰਾਜਾ ਅਤੇ ਕਾਰਪੋਰੇਟ ਰਾਜਾ ਦੀ ਵਿਦੇਸ਼ ਨੀਤੀ

## ਕਾਰਪੋਰੇਟ ਰਾਜਾ ਰੁੱਸੇ ਹੋਏ ਫੁੱਫੜ ਵਾਂਗ ਮੱਥੇ 'ਤੇ ਤਿਉੜੀਆਂ ਪਾ ਕੇ ਆਉਂਦੈ ਤੇ ਵਿਚਾਲਿਉਂ ਹੀ ਘਸਿਆ ਪਿਟਿਆ ਬਹਾਨਾ ਕਰਕੇ ਭੱਜ ਜਾਂਦੈ।



**ਨਾਮਦੇਵ ਸਿੱਧੂ**
ਸਾਬਕਾ ਤਹਿਸੀਲਦਾਰ
+91 9646700682

ਸਵੈ-ਘੋਸ਼ਿਤ ਭਿਖਾਰੀ ਰਾਜਾ ਨਰਿੰਦਰ ਮੋਦੀ ਹੋਵੇ ਜਾਂ ਕਾਰਪੋਰੇਟ ਰਾਜਾ ਡੋਨਾਲਡ ਟਰੰਪ, ਇਹ ਦੋਵੇਂ ਕੁੱਝ ਵੀ ਸੋਚਣ, ਇਹਨਾ ਦੀ ਬਾਡੀ ਲੈਂਗੁਏਜ, ਗੱਲ ਕਰਨ ਦਾ ਸਲੀਕਾ ਤੇ ਵਿਚਰਨ ਦਾ ਤਰੀਕਾ ਅਜੀਬ ਹੁੰਦਾ ਹੈ। ਇੱਕ ਵਿਗੜਿਆ ਹੋਇਆ ਕਾਰਪੋਰੇਟ ਹੈ ਦੂਜਾ ਭਾਰਤੀ ਕਾਰਪੋਰੇਟ ਘਰਾਣੇ ਦਾ ਵਿਗਾੜਿਆ ਰਾਜਸੀ ਨੇਤਾ। ਇੱਕ ਅਮਰੀਕਨ ਨਾਗਰਿਕਾਂ ਦਾ ਓਹਲਾ ਲੈਕੇ ਵਿਦੇਸ਼ੀ ਨਾਗਰਿਕਾਂ ਨੂੰ ਡਰਾਉਂਦਾ ਰਹਿੰਦਾ ਹੈ, ਦੂਜਾ ÷ ਆਜ ਰਾਤ ਕੇ ਆਠ ਬਜੇ ਕੇ ਬਾਅਦ.....÷ ਕਹਿਕੇ ਭਾਰਤ ਦੇ ( ਯਾਨੀ ਆਪਣੇ ਹੀ) ਨਾਗਰਿਕਾਂ ਨੂੰ। ਦੁਨੀਆਂ ਦੇ ਜਿ ?ਆਦਾਤਰ ਦੇਸ਼ਾਂ ਵਿੱਚ ਦੋਨਾ ਦੀ ਇਹਨਾ ਦੇ ਤੌਰ ਤਰੀਕਿਆਂ ਕਰ ਕੇ ਖਿੱਲੀ ਉਡਦੀ ਰਹਿੰਦੀ ਹੈ। ਜਿੰਨੀ ਸਵੈ-ਘੋਸ਼ਿਤ ਭਿਖਾਰੀ ਰਾਜੇ ਦੀ ਖਿੱਲੀ 11 ਸਾਲ ਦੇ ਰਾਜ ਦੌਰਾਨ ਉੱਚੀ ਹੈ, ਕਾਰਪੋਰੇਟ ਰਾਜੇ ਦੀ ਵੀ 5 ਸਾਲ ਦੇ ਰਾਜ ਦੌਰਾਨ ਉਨੀ ਹੀ ਉਡੀਕ ਹੋਵੇਗੀ।

ਡੋਨਾਲਡ ਟਰੰਪ ਦੀ ਅਤੇ ਨਰਿੰਦਰ ਮੋਦੀ ਦੀ ਅੰਦਰਲੀ ਬੇਚੈਨੀ ਉਨਾ ਨੂੰ ਮਜਬੂਰ ਕਰਦੀ ਹੈ ਕਿ ਉਹ ਦੁਨੀਆਂ ਵਿੱਚ ਵੱਖਰਾ ਦਿਖਣ ਲਈ ਕੁੱਝ ਵੱਖਰਾ ਕਰਨ, ਪਰ ਉਹਨਾਂ ਦੀ ਛੋਟੀ ਤੇ ਹੋਛੀ ਸੋਚ ਉਹਨਾਂ ਦੀ ਦੁਨੀਆਂ ਚ ਕਿਰਕਿਰੀ ਕਰਵਾ ਦਿੰਦੀ ਹੈ। ਟਰੰਪ ਨੇ 1987 ਤੋਂ ਰਾਜਨੀਤਕ ਕਲਾਬਾਜ਼ੀਆਂ ਸ਼ੁਰੂ ਕੀਤੀਆਂ, ਪਹਿਲਾਂ ਰਿਪਬਲਿਕਨ ਪਾਰਟੀ ਚ, ਫਿਰ ਰਿਫਾਰਮ ਪਾਰਟੀ ਚ,ਫਿਰ ਡੈਮੋਕ੍ਰੇਟ ਪਾਰਟੀ ਚ, ਫਿਰ ਇੰਡੀਪੈਂਡੈਂਟ ਤੇ ਫਿਰ ਰਿਪਬਲਿਕਨ ਰਾਹੀਂ ਰਾਸ਼ਟਰਪਤੀ। ਕਲਾਬਾਜ਼ੀਆਂ ਮੋਦੀ ਨੇ ਵੀ ਖਾਧੀਆਂ। ਪਹਿਲਾਂ ਸੰਘ ਚਾਲਕਾਂ ਰਾਹੀਂ ਤੇ 35 ਸਾਲ ਤੋਂ ਕਾਰਪੋਰੇਟਾਂ ਰਾਹੀਂ ਕਲਾਬਾਜ਼ੀਆਂ ਖਾ ਕੇ ਕੁਰਸੀ ਤੇ ਕਬਜਾ ਕਰੀ ਬੈਠੈ। ਆਪਣੇ ਬਿਆਨਾਂ ਰਾਹੀਂ ਉਹ ਥੋੜੇ-ਥੋੜੇ ਸਮੇਂ ਬਾਦ ਆਪਣੀ ਖਿੱਲੀ ਉਡਵਾ ਲੈਂਦੇ ਹਨ।

ਇਹ ਸਮਾਂ ਸਥਾਨ ਨਹੀਂ ਦੇਖਦੇ। ਬੱਸ ਆਪਣੇ ਆਪ ਨੂੰ ਪਰਾ-ਪਰਾਕਿਰਤਕ ਸ਼ਕਤੀਆਂ ਦਾ ਮਾਲਕ ਸਮਝ ਬੈਠ ਕੇ ਸਮਝ ਲੈਂਦੇ ਹਨ, ਬਾਕੀ ਦੁਨੀਆਂ ਉਹਨਾ ਨੂੰ ਸਮਾਰਟ ਤੇ ਵੱਧ ਗਿਆਨੀ ਸਮਝੇਗੀ । ਪਰ ਆਪਣਾ ਜਲੂਸ ਕਢਵਾ ਲੈਂਦੇ ਹਨ। ਦੁਨੀਆਂ ਜਾਣਦੀ ਹੈ ਜੀ 7 ਮੀਟਿੰਗ ਦੁਨੀਆਂ ਲਈ ਬਹੁਤ ਹੀ ਮਹੱਤਵਪੂਰਨ ਬੈਠਕ ਹੁੰਦੀ ਹੈ। ਪੂਰੀ ਦੁਨੀਆਂ ਦੇ ਦੇਸ਼ਾਂ ਦੀ ਨਜ਼ਰ ਹੁੰਦੀ ਹੈ, ਇਸ ਮੀਟਿੰਗ ਤੇ। ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਨਾ ਹੁੰਦੈ ,ਇਸ ਜੀ 7 ਮੀਟਿੰਗ ਨੇ। ਇਸ ਜੀ 7 ਨੇ ਦੁਨੀਆਂ ਦੇ ਦੇਸ਼ਾਂ ਦੀ ਤਰੱਕੀ ਲਈ ਨੀਤੀ ਘੜਨੀ ਹੁੰਦੀ ਹੈ।ਸ਼ਾਂਤੀ ਕਾਇਮ ਕਰਨ ਲਈ ਸ਼ੀਲਡ ਕਾਇਮ ਕਰਨੀ ਹੁੰਦੀ ਹੈ। ਗੰਭੀਰ ਚਰਚਾ ਹੋਣੀ ਹੁੰਦੀ ਹੈ। ਪਰ ਕਾਰਪੋਰੇਟ ਰਾਜਾ ਰੁੱਸੇ ਹੋਏ ਫੁੱਫੜ ਵਾਂਗ ਮੱਥੇ ਤੇ ਤਿਊੜੀਆਂ ਪਾ ਕੇ ਆਉਂਦੈ ਤੇ ਵਿਚਾਲਿਉਂ ਹੀ ਘਸਿਆ ਪਿਟਿਆ ਬਹਾਨਾ ਕਰਕੇ ਭੱਜ ਜਾਂਦੈ। ਇਵੇਂ ਹੋਇਆ ਸੀ ਜੀ 7 ਮੀਟਿੰਗ 2018 ਵੇਲੇ ਅਤੇ ਇਵੇਂ ਹੋਇਆ ਜੀ 7 ਮੀਟਿੰਗ 2025 ਵੇਲੇ। 2018 ਵਿੱਚ ਜਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨਾਲ,ਜਰਮਨ ਚਾਂਸਲਰ ਮਰਕਲ ਨਾਲ ਬਿਨਾ ਗੱਲ ਤੋਂ ਉਲਝ ਗਿਆ, ਇੱਕ ਵਾਰ ਤਾਂ ਜੀ 7 ਦੇ ਕੁੱਝ ਮੈਂਬਰਾਂ ਨੂੰ ਘੂਰਨ ਦੇ ਅੰਦਾਜ ਉਹਨਾ ਵੱਲ ਦੇਖਣ ਲੱਗ ਪਿਆ। ਸ਼ਿੰਜੋ ਆਬੇ ਨੂੰ ਤਾਂ ਧਮਕੀ ਵੀ ਦੇ ਦਿੱਤੀ। "ਜਿਹੋ ਜਿਹਾ ਲਾੜਾ, ਉਹੋ ਜਿਹਾ ਸਰਵਾਹਲਾ" ਵਾਂਗ ਟਰੰਪ ਦੇ ਨਾਲ ਗਿਆ ਇਸਦਾ ਸਲਾਹਕਾਰ ਪੀਟਰ ਨਵਾਰੋ, ਜੀ7 ਤੇ ਜਸਟਿਨ ਟਰੂਡੋ ਉਸ ਵੇਲੇ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਪੁੱਠਾ ਸਿੱਧਾ ਬੋਲ ਆਇਆ। ਟਰੂਡੋ ਚੁੱਪ ਰਿਹਾ । ਉਸਦੀ ਸਭ ਨੇ ਸ਼ਲਾਘਾ ਕੀਤੀ ਤੇ ਯੂ.ਐੱਸ ਦੀ ਟਰੰਪ ਤੇ ਉਸਦੇ ਸਲਾਹਕਾਰ ਨਵਾਰੋ ਨੇ ਡਬਲ ਖਿੱਲੀ ਉਡਾਅ ਦਿੱਤੀ। ਇਸ ਸਾਲ 2025 ਦੀ ਜੀ7 ਮੀਟਿੰਗ ਚ ਟਰੰਪ ਪਤਾ ਨਹੀਂ ਕਿਸੇ ਨਾਲ ਉਲਝਿਆ ਜਾਂ ਨਹੀਂ ਪਰ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦਾ ਮਜਾਕ ਉਡਾਉਣ ਲਈ ਟਿਪਣੀ ਕਰ ਗਿਆ, ਪਰ ਮਜਾਕ ਇਸਦਾ ਆਪ ਉੱਡ ਗਿਆ। 2018 ਚ ਜੀ 7 ਮੀਟਿੰਗ ਛੱਡ ਕੇ ਜਾਣ ਵੇਲੇ ਕਹਿੰਦਾ ਮੈਂ ਉੱਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੌਂਗ ਨਾਲ ਮੀਟਿੰਗ ਕਰਨੀ ਹੈ। ਹਾਲਾਂਕਿ ਕਿਮ ਜੌਂਗ ਨਾਟੋ ਦਾ,ਯੋਰਪ ਦਾ ਅਤੇ ਅਮਰੀਕਾ ਦਾ ਕਦੇ ਵੀ ਦੋਸਤ ਨਹੀਂ ਰਿਹਾ। ਹੁਣ 2025 ਦੀ ਜੀ 7 ਦੀ ਮੀਟਿੰਗ ਵਿੱਚੇ ਛੱਡ ਕੇ ਆਉਣ ਦਾ ਬਹਾਨਾ ਘੜਿਆ ਕਿ ਯੂ.ਐੱਸ ਵਿੱਚ ਤੁਰੰਤ ਜਾਣਾ ਉਸਦਾ ਜਰੂਰੀ ਹੈ । ਕੋਈ ਕਹੇ ਇਰਾਨ-ਇਸਰਾਈਲ ਦੀ ਸੰਧੀ ਕਰਵਾਉਣ ਜਾ ਰਿਹੈ, ਕੋਈ ਕਹੇ ਇਰਾਨ ਤੇ ਹਮਲਾ ਕਰਨ। ਪਰ ਦੋਨਾ ਚੋਂ ਕੁੱਝ ਨੀ ਹੋਇਆ। ਬੱਸ ਆਪਣੇ-ਆਪ ਨੂੰ ਮਹੱਤਵਪੂਰਨ ਦਿਖਾਉਣ ਲਈ ਡਰਾਮਾ ਸੀ। ਇਹ ਡਰਾਮਾ ਹੀ ਇਸ ਲਈ ਮਜਾਕ ਬਣ ਗਿਆ। ਇਹੀ ਗੱਲ ਸਵੈ-ਘੋਸ਼ਿਤ ਭਿਖਾਰੀ ਰਾਜੇ ਨਾਲ ਹੋਈ। ਜੀ 20 ਮੀਟਿੰਗ ਸਮੇਂ । ਆਪਣੀ ਵਿਦੇਸ਼ ਨੀਤੀ ਬਾਰੇ ਪਾਜ਼ ਖੁਲ੍ਹਣ ਦੇ ਡਰ ਤੋਂ ਜੀ 20 ਦੇਸ਼ਾਂ ਨੂੰ ਪ੍ਰੈੱਸ ਕਾਨਫਰੰਸ ਨਹੀਂ ਕਰਨ ਦਿੱਤੀ। ਤੇ ਖਿੱਲੀ ਉਡਵਾ ਲਈ। ਭਾਵੇਂ ਸਵੈ-ਘੋਸ਼ਿਤ ਰਾਜਾ ਤੇ ਕਾਰਪੋਰੇਟ ਰਾਜਾ ਦੇ ਆਪੋ ਵਿੱਚ ਬਹੁਤੇ ਗੁਣ (ਔਗੁਣ) ਮਿਲਦੇ ਹਨ ਪਰ ਝੰਡੀ ਤਾਂ ਕਾਰਪੋਰੇਟ ਰਾਜੇ ਦੀ ਹੈ। ਕਦੇ ਸਵੈ-ਘੋਸ਼ਿਤ ਭਿਖਾਰੀ ਰਾਜੇ ਨੂੰ ਨਾਲ ਬਿਠਾ ਕੇ ਬੇ-ਇਜਤੀ ਕਰ ਦਿੰਦੈ। ਕਦੇ ਉਸਦੇ ਯੂ.ਐੱਸ ਚ ਬੈਠੇ ਬਿਠਾਏ ਅਨ-ਡਾਕੂਮੈਂਟਡ ਭਾਰਤੀਆਂ ਨੂੰ ਹੱਥਕੜੀਆਂ-ਪੈਰ ਬੇੜੀਆਂ ਲਾਕੇ ਭਾਰਤ ਭੇਜ ਦਿੰਦੈ। ਕਦੇ ਟੈਰਿਫ ਲਾਉਣ ਦੀ ਧਮਕੀ ਦੇ ਦਿੰਦੈ। ਬਾਰਾਂ ਵਾਰ ਕਹਿ ਚੁੱਕਿਆ ਹੈ, ÷ ਮੈਂ ਭਾਰਤ-ਪਾਕਿਸਤਾਨ ਦੀ ਜੰਗ ਬੰਦ ਕਰਵਾਈ। ਪਰ ਸਾਡੇ ਸਵੈ-ਘੋਸ਼ਿਤ ਭਿਖਾਰੀ ਰਾਜੇ ਦਾ ਪਤਾ ਨਹੀਂ ਇਸ ਕਾਰਪੋਰੇਟ ਰਾਜੇ ਕੋਲ ਕੀ ਗੁਪਤ ਭੇਦ ਹੈ, ਸਾਡਾ ਸਵੈ-ਘੋਸ਼ਿਤ ਭਿਖਾਰੀ ਰਾਜਾ ਗੋਦੀ ਮੀਡੀਆ ਤੋਂ ਤਾਂ ਕਹਾਉਣ ਲੱਗ ਗਿਆ ਕਿ ਪਾਕਿਸਤਾਨ ਦੀ ਭਾਰਤ ਨੂੰ ਕੀਤੀ ਬੇਨਤੀ ਤੇ ਜੰਗ ਬੰਦ ਹੋਈ, ਪਰ ਟਰੰਪ ਨੂੰ ਸਿੱਧਾ ਕਹਿਣ ਦਾ ਹੌਸਲਾ ਕਿਉਂ ਨੀ ਪੈਂਦਾ ਕਿ ,÷ਟਰੰਪ ਸਾਹਿਬ, ਤੇਰਾ ਜੰਗਬੰਦੀ ਨਾਲ ਕੋਈ ਲੈਣਾ-ਦੇਣਾ ਨਹੀਂ।÷ ਇੱਕ ਗੱਲ ਹੋਰ ਜੇ ਸਵੈ-ਘੋਸ਼ਿਤ ਭਿਖਾਰੀ ਰਾਜੇ ਨਾਲ ਕੋਈ ਮਾੜੀ ਮੋਟੀ ਸਾਂਝ ਰੱਖਣੀ ਵੀ ਸੀ ਤਾਂ ਜਿਸ ਦਿਨ ਸਾਡੇ ਵਾਲਾ ਜੀ7 ਮੀਟਿੰਗ ਲਈ ਕੈਨੇਡਾ ਗਿਐ ਉਸੇ ਦਿਨ ਕਾਰਪੋਰੇਟ ਰਾਜਾ ਅਮਰੀਕਾ ਵਾਪਸ ਆਇਐ। ਉਹ ਮਿਲਣ ਲਈ ਵੀ ਕਹਿ ਸਕਦਾ ਸੀ, ਪਰ ਨਹੀਂ ਕਿਹਾ। ਬਾਦ ਚ ਸਵੈ-ਘੋਸ਼ਿਤ ਭਿਖਾਰੀ ਰਾਜਾ ਦਾ ਪ੍ਰੈੱਸ ਬਿਆਨ ਆਇਆ ਕਿ ਕਾਰਪੋਰੇਟ ਰਾਜਾ ਨੇ ਸਵੈ-ਘੋਸ਼ਿਤ ਭਿਖਾਰੀ ਰਾਜਾ ਨੂੰ ਕਿਹਾ, ਕੈਨੇਡਾ ਤਾਂ ਆਏ ਹੋ ਯੂ.ਐੱਸ ਵੀ ਹੁੰਦੇ ਜਾਇਉ। ਜਦੋਂ ਪ੍ਰੈੱਸ ਵਿੱਚ ਖਬਰ ਦੀ ਵਾਈਟ ਹਾਊਸ ਨੇ ਪੁਸ਼ਟੀ ਕਰ ਦਿੱਤੀ ਕਿ ਪਾਕਿਸਤਾਨੀ ਸੈਨਾ ਮੁੱਖੀ ਨੂੰ ਕਾਰਪੋਰੇਟ ਰਾਜਾ ਨੇ "ਇਕੱਠੇ ਖਾਣਾ ਖਾਣ ਦਾ ਸੱਦਾ ਦਿੱਤੈ।" ਤਾਂ ਸਵੈ-ਘੋਸ਼ਿਤ ਭਿਖਾਰੀ ਰਾਜਾ ਦੀ ਪਹਿਲੀ ਖਬਰ ਵਿੱਚ ਇੱਕ ਗੱਲ ਹੋਰ ਜੁੜ ਗਈ ਕਿ, " ਟਰੰਪ ਨੇ ਕਿਹਾ ਕਿ ਕੈਨੇਡਾ ਆਏ ਹੋ, ਅਮਰੀਕਾ ਭੀ ਹੋਤੇ ਜਾਨਾ, ਇਕੱਠੇ ਖਾਨਾ ਖਾਏਂਗੇ।" ਸਵੈ-ਘੋਸ਼ਿਤ ਭਿਖਾਰੀ ਰਾਜਾ ਨੇ ਭਾਰਤ ਵਿੱਚ ਇਕ ਮੀਟਿੰਗ ਵਿੱਚ ਸੰਬੋਧਨ ਕਰਦੇ ਅੱਗੇ ਕਿਹਾ, "ਮੈਂ ਨੇ ਟਰੰਪ ਕੋ ਕਹਾ, ਆਪਕਾ ਧੰਨਵਾਦ ; ਅਭੀ ਤੋ ਮੇਰਾ ਮਹਾਂ ਪ੍ਰਭੂ ਕੇ ਪਾਸ ਜਾਨਾ ਜਰੂਰੀ ਹੈ, ਤੋ ਯੇ ਬਾਤ ਮੁਝੇ ਯਹਾਂ ਖੀਂਚ ਲਾਈ" ਹੁਣ ਪਹਿਲੀ ਗੱਲ ਸਵੈ-ਘੋਸ਼ਿਤ ਭਿਖਾਰੀ ਰਾਜਾ ਕੈਨੇਡਾ ਜੀ 7 ਦੀ ਮੀਟਿੰਗ ਤੇ ਜਾਣ ਤੋਂ 3-4 ਦਿਨ ਪਹਿਲਾਂ ਕਰੋਸ਼ੀਆ, ਸਾਈਪ੍ਰਸ ਵਰਗੇ ਛੋਟੇ-ਛੋਟੇ ਦੇਸ਼ਾਂ ਵਿੱਚ ਘੁੰਮਦਾ ਰਿਹਾ, ਉਦੋਂ ਕਾਰਪੋਰੇਟ ਰਾਜੇ ਦੇ ਜਾਂ ਸਵੈ-ਘੋਸ਼ਿਤ ਰਾਜੇ ਦੇ ਇਹ ਗੱਲ ਧਿਆਨ ਚ ਕਿਉਂ ਨਹੀਂ ਆਈ।


ਦੂਜਾ ਮਹਾਂ ਪ੍ਰਭੂ ਨਾਲ ਕਿਹੜੀ ਐਮਰਜੈਂਸੀ ਮੀਟਿੰਗ ਕਰਨੀ ਸੀ। ਜੇ ਮੰਨ ਵੀ ਲਈਏ ਕਿ ਮੱਥਾ ਟੇਕਣਾ ਸੀ ਤਾਂ ਉਹ ਅਗਲੇ ਦਿਨ ਵੀ ਟੇਕਿਆ ਜਾ ਸਕਦਾ ਸੀ, ਅੱਗੇ ਕਿਹੜਾ ਉਹ ਰੋਜ ਮਹਾਂ ਪ੍ਰਭੂ ਦੇ ਦਰਸ਼ਨ ਕਰਕੇ ਭੋਜਨ ਖਾਂਦੈ। ਬੱਸ ਰਾਜਨੀਤਕ ਗੱਲਾਂ ਦੇ ਗੋਲੇ ਐ ਛੱਡੀ ਜਾਂਦੈ। ਗੋਦੀ ਮੀਡੀਆ ਪ੍ਰਚਾਰ ਕਰੀ ਜਾਂਦੈ। ਅੰਧ ਭਗਤ ਸਭ ਸੱਤ ਹੈ ਕਹਿ ਕੇ ਨੀਮ ਬੇਹੋਸ਼ੀ ਚ ÷ਮੋਅਦੀ ਮੋਅਦੀ÷ ਕਰਨ ਜੋਗੇ ਹਨ। ਪਰ ਸਵੈ-ਘੋਸ਼ਿਤ ਭਿਖਾਰੀ ਰਾਜੇ ਦੀ ਗੱਲ ਚ ਮਲਾਲ ਤਾਂ ਮਹਿਸੂਸ ਹੁੰਦਾ ਲੱਗਦੈ ਕਿ,÷ ਕਾਸ਼ ਮੈਨੂੰ ਕਾਰਪੋਰੇਟ ਰਾਜੇ ਨੇ ਵਾਸਤਵਿਕ ਰੂਪ ਚ ਖਾਣੇ ਤੇ ਸੱਦਿਆ ਹੁੰਦਾ।÷ ਕਾਰਪੋਰੇਟ ਰਾਜੇ ਦੇ ਮਾੜੇ ਵਤੀਰੇ ਕਰਕੇ ਉਸਦੀ ਵਿਦੇਸ਼ ਨੀਤੀ ਫੇਲ੍ਹ ਹੈ।ਸਵੈ-ਘੋਸ਼ਿਤ ਭਿਖਾਰੀ ਰਾਜੇ ਦੇ ਆਪਣੇ ਹੀ ਦੇਸ਼ ਚ ਹਿੰਦੂ-ਮੁਸਲਿਮ ਨੀਤੀ ਕਾਰਨ ਰਵਾਇਤੀ ਦੋਸਤ ਦੇਸ਼ ਵੀ ਭਾਰਤ ਦੇ ਉਲਟ ਹੋ ਰਹੇ ਹਨ। ਜੇ ਉਹ ਕਾਰਪੋਰੇਟ ਰਾਜਾ ਹੋਵੇ ਜਾਂ ਕਾਰਪੋਰੇਟ ਘਰਾਣਾ ਦੋਨਾ ਨੂੰ ਠੁਕਰਾ ਦੇਵੇ ਤੇ ਹਿੰਦੂ-ਮੁਸਲਿਮ ਵਾਲੀ ਨੀਤੀ ਛੱਡ ਦੇਵੇ ਤਾਂ ਭਾਰਤ ਦੀ ਵੀ ਇੱਜਤ ਵਧੇਗੀ ਅਤੇ ਸਵੈ-ਘੋਸ਼ਿਤ ਭਿਖਾਰੀ ਰਾਜੇ ਦੀ ਵੀ।



**ਸਾਡੇ ਸਵੈ-ਘੋਸ਼ਿਤ ਭਿਖਾਰੀ ਰਾਜੇ ਦਾ ਪਤਾ ਨਹੀਂ ਇਸ ਕਾਰਪੋਰੇਟ ਰਾਜੇ ਕੋਲ ਕੀ ਗੁਪਤ ਭੇਦ ਹੈ, ਸਾਡਾ ਸਵੈ-ਘੋਸ਼ਿਤ ਭਿਖਾਰੀ ਰਾਜਾ ਗੋਦੀ ਮੀਡੀਆ ਤੋਂ ਤਾਂ ਕਹਾਉਣ ਲੱਗ ਗਿਆ ਕਿ ਪਾਕਿਸਤਾਨ ਦੀ ਭਾਰਤ ਨੂੰ ਕੀਤੀ ਬੇਨਤੀ ਤੇ ਜੰਗ ਬੰਦ ਹੋਈ, ਪਰ ਟਰੰਪ ਨੂੰ ਸਿੱਧਾ ਕਹਿਣ ਦਾ ਹੌਸਲਾ ਕਿਉਂ ਨੀ ਪੈਂਦਾ ਕਿ ,"ਟਰੰਪ ਸਾਹਿਬ, ਤੇਰਾ ਜੰਗਬੰਦੀ ਨਾਲ ਕੋਈ ਲੈਣਾ-ਦੇਣਾ ਨਹੀਂ।" ਇੱਕ ਗੱਲ ਹੋਰ ਜੇ ਸਵੈ-ਘੋਸ਼ਿਤ ਭਿਖਾਰੀ ਰਾਜੇ ਨਾਲ ਕੋਈ ਮਾੜੀ ਮੋਟੀ ਸਾਂਝ ਰੱਖਣੀ ਵੀ ਸੀ ਤਾਂ ਜਿਸ ਦਿਨ ਸਾਡੇ ਵਾਲਾ ਜੀ7 ਮੀਟਿੰਗ ਲਈ ਕੈਨੇਡਾ ਗਿਐ ਉਸੇ ਦਿਨ ਕਾਰਪੋਰੇਟ ਰਾਜਾ ਅਮਰੀਕਾ ਵਾਪਸ ਆਇਐ। ਉਹ ਮਿਲਣ ਲਈ ਵੀ ਕਹਿ ਸਕਦਾ ਸੀ, ਪਰ ਨਹੀਂ ਕਿਹਾ।**



# ਮੂਲਨਿਵਾਸੀ ਇਤਿਹਾਸ ਦੇ ਕੌਮੀ ਮਹੀਨੇ ਦੌਰਾਨ ਯਾਦਗਾਰੀ ਸਮਾਗਮਾਂ ਦੀ ਝੜੀ ਲੱਗੀ ਰਹੀ



**ਜਗਦੇਵ ਸਿੱਧੂ**
1 825 712-1135




ਜੂਨ ਦਾ ਮਹੀਨਾ ਮੂਲਨਿਵਾਸੀਆਂ ਦੇ ਇਤਿਹਾਸ ਦਾ ਮਹੀਨਾ ਹੋਣ ਕਰ ਕੇ ਕੈਲਗਰੀ ਵਿੱਚ ਅਨੇਕਾਂ ਪ੍ਰੋਗਰਾਮ ਅਤੇ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਸ ਲੜੀ ਤਹਿਤ ਪੰਜ ਜੂਨ ਨੂੰ ਸੇਂਟ ਪੈਟ੍ਰਿਕ ਆਈਲੈਂਡ ਪਾਰਕ ਵਿਖੇ ਨੇਟਿਵ ਦਸਤਕਾਰਾਂ, ਸ਼ਿਲਪਕਾਰਾਂ ਅਤੇ ਕਲਾਕਾਰਾਂ ਵੱਲੋਂ ਆਪਣੀਆਂ ਕਿਰਤ-ਵਸਤੂਆਂ ਦੀ ਮਾਰਕੀਟ ਲਾਈ ਗਈ। ਇਸ ਮੌਕੇ ਆਟਮ ਈਗਲ ਸਪੀਕਰ ਦੀ ਨਿਰਦੇਸ਼ਨਾ ਹੇਠ ਕਾਰਾ ਅਤੇ ਦੂਜੇ ਕਲਾਕਾਰਾਂ ਨੇ ਰਵਾਇਤੀ ਲੋਕ-ਨਾਚ ਪੇਸ਼ ਕੀਤੇ।

- ਦਸ ਜੂਨ ਨੂੰ ਸੈਂਟਰਲ ਪਬਲਿਕ ਲਾਇਬ੍ਰੇਰੀ ਦੇ ਥੀਏਟਰ ਵਿੱਚ ਸਮਰ ਪਾਉ-ਵਾਉ ਦੇ ਨਾਂ ਹੇਠ ਫਿਲਮ ਵਿਖਾਈ ਗਈ ਜੋ ਇੱਕ ਨੇਟਿਵ ਗੱਭਰੂ ਅਤੇ ਮੁਟਿਆਰ ਦੀ ਸੁੱਚੇ ਜਜ਼ਬਿਆਂ ਵਾਲ਼ੀ ਪ੍ਰੀਤ-ਕਹਾਣੀ ਸੀ ਜਿਸ ਦਾ ਅੰਤ ਸੁਖਾਂਤ ਵਿੱਚ ਹੋਇਆ। ਇਸ ਕਹਾਣੀ ਰਾਹੀਂ ਇਨ੍ਹਾਂ ਦੇ ਸਭਿਆਚਾਰ, ਗੀਤ-ਰਿਵਾਜ ਅਤੇ ਰਹਿਣ-ਸਹਿਣ ਦੀ ਸਹੀ ਤਸਵੀਰ ਪੇਸ਼ ਕੀਤੀ ਗਈ।
- ਵੀਹ ਜੂਨ ਨੂੰ ਹੈਰੀਟੇਜ ਪਾਰਕ ਦੇ ਹਾਲ ਵਿੱਚ ਫਾਇਰ ਚੈਟ ਦੇ ਨਾਂ ਹੇਠ ਯੂਨੀਵਰਸਿਟੀ ਆਫ ਕੈਲਗਰੀ ਵੱਲੋਂ ਗੀਤ-ਸੰਗੀਤ ਦਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਦੌਰਾਨ ਮੰਨੇ-ਪ੍ਰਮੰਨੇ ਨੇਟਿਵ ਸੰਗੀਤਕਾਰਾਂ ਅਤੇ ਗਾਇਕਾਂ ਨੇ ਆਪਣੀ ਕਲਾ ਦਾ ਸਿੱਕਾ ਮੰਨਵਾਇਆ। ਕਰੀਅ ਅਤੇ ਬਲੈਕਫੁੱਟ ਭਾਸ਼ਾਵਾਂ ਵਿੱਚ ਗਾਏ ਗੀਤਾਂ ਨੇ ਕੋਈ ਢਾਈ ਘੰਟੇ ਦਰਸ਼ਕਾਂ ਦੀ ਰੂਹ ਨੂੰ ਟੁੰਬਿਆ। ਅਖੀਰ ਵਿੱਚ ਹਾਜ਼ਰ ਸੈਂਕੜੇ ਦਰਸ਼ਕਾਂ ਨੇ ਇੱਕ-ਦੂਜੇ ਦਾ ਹੱਥ ਫੜ ਕੇ ਘੇਰੇ ਦੀ ਸ਼ਕਲ ਵਿੱਚ ਰਵਾਇਤੀ ਚੱਕਰ ਕੱਢਿਆ। ਯੂਨੀਵਰਸਿਟੀ ਦੇ ਵਾਈਸ ਪ੍ਰੋਵੋਸਟ ਡਾ. ਮਾਈਕਲ ਹਾਰਟ ਨੇ ਏਨੀ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਦਰਸ਼ਕਾਂ ਦਾ ਧੰਨਵਾਦ ਕੀਤਾ।
- ਇੱਕੀ ਜੂਨ ਕੌਮੀ ਮੂਲਨਿਵਾਸੀ ਦਿਵਸ ਹੋਣ ਕਰ ਕੇ ਕਈ ਪ੍ਰੋਗਰਾਮਾਂ ਦਾ ਆਯੋਜਨ ਹੋਇਆ। ਸਵੇਰੇ ਸਾਢੇ ਅੱਠ ਵਜੇ ਹੈਰੀ ਹੇਅਜ ਬਿਲਡਿੰਗ ਕੋਲ਼ੋਂ ਸ਼ੁਰੂ ਹੋ ਕੇ ਬੋਅ ਦਰਿਆ ਦੇ ਕਿਨਾਰੇ ਸੰਗਮ ਤਕ ਸਤਾਰ੍ਹਵਾਂ ਰੀਕੰਨਸੀਲੀਏਸ਼ਨ ਮਾਰਚ ਕੱਢਿਆ ਗਿਆ। ਫਿਰ ਕੌਨਫਲੂਐਂਸ ਪਾਰਕ ਸਾਈਟ ਦੇ ਵੱਡੇ ਹਾਲ ਵਿੱਚ ਰਵਾਇਤੀ ਸਮਾਗਮ ਹੋਇਆ ਜਿੱਥੇ ਐਲਡਰ ਵਿਲ ਡੇਅ ਰਾਈਡਰ, ਕਰਿਨ ਰੱਸਲ, ਪਾਉਲਾ ਸਮਿੱਥ ਨੇ ਨੇਟਿਵ ਇਤਿਹਾਸ, ਸਭਿਆਚਾਰ, ਵਿਸ਼ੇਸ਼ ਕਰ ਕੇ ਰਿਹਾਇਸ਼ੀ ਸਕੂਲਾਂ ਦੀ ਦਰਦਨਾਕ ਦਾਸਤਾਨ ਬਾਰੇ ਅਹਿਮ ਤੱਥ ਬਿਆਨ ਕੀਤੇ। ਮਾਰਚ ਵਿੱਚ ਸ਼ਾਮਲ ਹੋਏ ਸਾਬਕਾ ਮੇਯਰ ਅਤੇ ਅਲਬਰਟਾ ਐਨ.ਡੀ.ਪੀ. ਦੇ ਮੁਖੀ ਨਾਹੀਦ ਨੈਨਸ਼ੀ ਨੇ ਇਨ੍ਹਾਂ ਨਾਲ ਸਹਿਮਤੀ ਅਤੇ ਹਮਦਰਦੀ ਦਾ ਇਜ਼ਹਾਰ ਕੀਤਾ। ਕਲਾਕਾਰਾਂ ਨੇ ਰਵਾਇਤੀ ਲੋਕ-ਨਾਚ ਪੇਸ਼ ਕੀਤੇ। ਅਲਬਰਟਾ ਦੇ ਸਾਰੇ ਰਿਹਾਇਸ਼ੀ ਸਕੂਲਾਂ ਨਾਲ਼ ਸੰਬੰਧਤ ਵਿਅੱਕਤੀਆਂ ਨੇ ਸਕੂਲਾਂ ਦੇ ਨਾਂ ਲਿਖ ਕੇ ਲਿਆਂਦੇ ਨਿਸ਼ਾਨ ਵਾਲ਼ੇ ਡੰਡੇ ਇੱਕ-ਇੱਕ ਕਰ ਕੇ ਸਟੇਜ ਉਪਰ ਸਿੱਧੇ ਟਿਕਾ ਕੇ ਟੀਪੀ ਦੀ ਸ਼ਕਲ ਬਣਾ ਦਿੱਤੀ। ਕੈਲਗਰੀ ਸਟੈਂਪੀਡ 2026 ਦੀ 'ਫ਼ਸਟ ਨੇਸ਼ਨਜ਼ ਪ੍ਰਿੰਸੈਸ' ਐਲਾਨੀ ਗਈ ਰੈਗਨ ਫ਼ਸਟ ਰਾਈਡਰ ਨੇ ਆਪਣੇ ਪਿਛੋਕੜ, ਆਪਣੀਆਂ ਪ੍ਰਾਪਤੀਆਂ ਅਤੇ ਅਗਲੇ ਸਰੋਕਾਰਾਂ ਬਾਰੇ ਵੇਰਵਾ ਦਿੱਤਾ।
- ਇਸੇ ਦਿਨ ਸੈਂਟਰਲ ਲਾਇਬ੍ਰੇਰੀ ਦੇ ਥੀਏਟਰ ਵਿੱਚ ਹੋਏ ਇੱਕ ਸਮਾਗਮ ਦੌਰਾਨ ਤਿੰਨ ਨੇਟਿਵ ਆਗੂਆਂ ਦੇ ਪੈਨਲ ਨੇ ਨੇਟਿਵ ਲੋਕਾਂ ਦੇ ਕਈ ਪਹਿਲੂਆਂ ਬਾਰੇ ਲੰਮੀਂ ਵਿਚਾਰ-ਚਰਚਾ ਕੀਤੀ 'ਮੇਕਿੰਗ ਟਰੀਟੀ ਸੈਵਨ ਕਲਚਰਲ ਸੋਸਾਇਟੀ' ਦੇ ਕਲਚਰਲ ਡਾਇਰੈਕਟਰ ਗੈਰਟ ਸਮਿੱਥ ਨੇ ਆਪਣੇ ਲੋਕਾਂ ਦੇ ਵਾਜਬ ਹੱਕਾਂ ਦੀ ਜ਼ੋਰਦਾਰ ਵਕਾਲਤ ਕੀਤੀ। ਦਰਸ਼ਕਾਂ ਦੇ ਸਵਾਲਾਂ ਦੇ ਵਿਸਥਾਰ ਪੂਰਵਕ ਜਵਾਬ ਦਿੱਤੇ ਗਏ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਚੜਦੇ ਪੰਜਾਬ ਤੇ ਲਹਿੰਦੇ ਪੰਜਾਬ ਦੀ ਸਾਂਝੀ ਵਿਰਾਸਤ: ਵੰਡੀਆਂ ਧਰਤੀਆਂ, ਅਣਵੰਡੀਆਂ ਯਾਦਾਂ।



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਊਜ਼ੀਲੈਂਡ

ਪੰਜਾਬ ਸਿਰਫ਼ ਇੱਕ ਭੂਗੋਲਿਕ ਸ਼ਬਦ ਨਹੀਂ ਹੈ, ਬਲਕਿ ਇੱਕ ਸੱਭਿਆਚਾਰਕ ਪ੍ਰਕਿਰਿਆ ਹੈ ਜੋ ਹਜ਼ਾਰਾਂ ਸਾਲਾਂ ਤੋਂ ਚੱਲ ਰਹੀ ਹੈ, ਅਤੇ ਸਮੇਂ ਨੇ ਇੱਥੇ ਚੁੱਪਚਾਪ ਨਹੀਂ, ਬਲਕਿ ਪ੍ਰਗਟ ਰੂਪ ਵਿੱਚ ਆਪਣੀਆਂ ਪਰਤਾਂ ਬਣਾਈਆਂ ਹਨ। ਇਹ ਉਹ ਥਾਂ ਹੈ ਜਿੱਥੇ ਮਨੁੱਖੀ ਯਤਨ, ਆਧਿਮਿਕ ਜਾਗਰੂਕਤਾ, ਰਾਜਨੀਤਿਕ ਬਦਲਾਅ ਅਤੇ ਸੱਭਿਆਚਾਰਕ ਲਗਾਤਾਰਤਾ ਦਰਿਆਵਾਂ ਦੇ ਨਾਲ-ਨਾਲ ਸਹਿਜਤਾ ਨਾਲ ਵਹਿੰਦੇ ਰਹੇ ਹਨ। ਪੰਜਾਬ ਕੋਈ ਅਜਿਹੀ ਥਾਂ ਨਹੀਂ ਜਿਸਨੂੰ ਸਿਰਫ਼ ਪੜ੍ਹਿਆ ਜਾਵੇ, ਇਹ ਇੱਕ ਪ੍ਰਕਿਰਿਆ ਹੈ ਜਿਸਨੂੰ ਸਮਝਣਾ ਪੈਂਦਾ ਹੈ, ਇੱਕ ਜੀਵੰਤ ਉਦਾਹਰਨ ਹੈ ਕਿ ਮਨੁੱਖ ਕਿਵੇਂ ਆਪਣੇ ਆਪ ਨੂੰ ਇਕੱਠਾ ਕਰਦਾ, ਰੰਗਦਾ, ਵਿਕਸਿਤ ਕਰਦਾ ਅਤੇ ਮੁੜ ਬਣਾਉਂਦਾ ਹੈ। ਪੰਜਾਬ ਦੀ ਕਹਾਣੀ ਲਿਖਣ ਦਾ ਮਤਲਬ ਸਿਰਫ਼ ਘਟਨਾਵਾਂ ਨੂੰ ਦੇਖਣਾ ਨਹੀਂ, ਬਲਕਿ ਚੇਤਨਾ ਦੇ ਬਦਲਾਅ ਨੂੰ ਵੀ ਸਮਝਣਾ ਹੈ। ਇਸ ਦੇ ਇਤਿਹਾਸ ਦਾ ਹਰ ਪੜਾਅ ਸਿਰਫ਼ ਤਾਕਤ ਜਾਂ ਢਾਂਚੇ ਦਾ ਬਦਲਾਅ ਨਹੀਂ, ਬਲਕਿ ਜੀਵਨ ਦੇ ਨਵੇਂ ਤਰੀਕੇ ਅਤੇ ਉਸਦੀ ਸਮਝ ਦਾ ਪ੍ਰਗਟਾਵਾ ਹੈ।

1. ਸੱਭਿਆਚਾਰ ਦਾ ਸਵੇਰ: ਜਾਗਦੀ ਹੋਈ ਚੇਤਨਾ, ਸਿੰਧੂ ਘਾਟੀ ਦੀ ਸੱਭਿਆਚਾਰ, ਜੋ ਪੁਰਾਤਨ ਦੁਨੀਆ ਦੀਆਂ ਸਭ ਤੋਂ ਵਿਕਸਿਤ ਅਤੇ ਸੰਗਠਿਤ ਸਭਿਆਚਾਰਾਂ ਵਿੱਚੋਂ ਇੱਕ ਸੀ, ਪੰਜਾਬ ਦੇ ਇਤਿਹਾਸ ਦਾ ਸਭ ਤੋਂ ਪਹਿਲਾ ਅਧਿਆਇ ਬਣਦੀ ਹੈ। ਇਹ ਮਨੁੱਖੀ ਜੀਵਨ ਦਾ ਸਿਰਫ਼ ਆਰੰਭਿਕ ਪੜਾਅ ਨਹੀਂ ਸੀ, ਬਲਕਿ ਸਾਂਝੀ ਸੋਚ ਦੀ ਪੂਰੀ ਤਾਕਤ ਦਾ ਪ੍ਰਗਟ ਰੂਪ ਸੀ। ਇੱਥੇ ਬਣੇ ਸ਼ਹਿਰ ਸਿਰਫ਼ ਸੁਚੱਜੇ ਢੰਗ ਨਾਲ ਨਹੀਂ ਬਣੇ ਸਨ, ਬਲਕਿ ਸਮਾਜਿਕ ਢਾਂਚੇ ਦੀ ਸਮਝ ਨਾਲ ਬਣੇ ਸਨ। ਹੜੱਪਾ ਵਰਗੇ ਸ਼ਹਿਰ ਸਧਾਰਣ ਯੋਜਨਾ, ਨਿਕਾਸੀ ਪ੍ਰਣਾਲੀ, ਇਕਸਾਰ ਇੱਟਾਂ ਦੇ ਮਕਾਨ ਅਤੇ ਵਪਾਰ ਤੇ ਪ੍ਰਸ਼ਾਸਨ ਦੇ ਨਿਸ਼ਾਨ ਦਿਖਾਉਂਦੇ ਹਨ। ਇਹ ਸਭ ਕੁਝ ਅਲੱਗ-ਅਲੱਗ ਨਹੀਂ ਸੀ, ਇਹ ਇੱਕ ਦੂਜੇ ਨਾਲ ਜੁੜੇ ਹੋਏ ਪ੍ਰਣਾਲੀਆਂ ਸਨ, ਜਿਨ੍ਹਾਂ ਨੇ ਸਮਾਜ ਨੂੰ ਇੱਕ ਸਮਾਜ ਵਾਂਗ ਕੰਮ ਕਰਨ ਦੇ ਯੋਗ ਬਣਾਇਆ। ਇਸ ਤਰ੍ਹਾਂ ਦੀ ਸੰਗਠਨਾ ਇਹ ਦਰਸਾਉਂਦੀ ਹੈ ਕਿ ਮਨੁੱਖ ਸਿਰਫ਼ ਜੀਉਣ ਤੋਂ ਉੱਪਰ ਉਠ ਕੇ ਸਚੇਤ ਜੀਵਨ ਵਿੱਚ ਦਾਖਲ ਹੋ ਚੁੱਕਾ ਸੀ। ਇਸ ਧਰਤੀ ਵਿੱਚੋਂ ਲੰਘਣ ਵਾਲੇ ਦਰਿਆ ਸਿਰਫ਼ ਪਾਣੀ ਦੇ ਸਰੋਤ ਨਹੀਂ ਸਨ; ਉਹ ਜੀਵਨ ਦੇ ਵਿਵਸਥਾਕਾਰ ਬਣ ਗਏ। ਖੇਤੀਬਾੜੀ ਵਿਕਸਿਤ ਹੋਈ, ਵਪਾਰ ਵਧਿਆ ਅਤੇ ਪਿੰਡ ਵੱਸ ਗਏ। ਆਪਣੀ ਖ਼ਾਲਿਸ ਰੂਪ ਵਿੱਚ, ਪੰਜਾਬ ਉਹ ਥਾਂ ਬਣ ਗਿਆ ਜਿੱਥੇ ਕੁਦਰਤ ਅਤੇ ਮਨੁੱਖੀ ਯਤਨ ਇਕ ਅਨੁਸ਼ਾਸਿਤ ਰਿਸ਼ਤੇ ਵਿੱਚ ਜੁੜ ਗਏ। ਇਹ ਪੜਾਅ ਇੱਕ ਮੁੱਢਲਾ ਵਿਚਾਰ ਬਣਾਉਂਦਾ ਹੈ: ਪੰਜਾਬ ਲੜਾਈ ਨਾਲ ਨਹੀਂ, ਸੰਗਠਨ ਨਾਲ ਬਣਿਆ।

ਵਿਚਾਰ: ਪੰਜਾਬ ਦੀ ਪਹਿਚਾਣ ਰਾਜਨੀਤਿਕ ਜਾਂ ਸੱਭਿਆਚਾਰਕ ਨਹੀਂ ਸੀ, ਇਹ ਜੀਵਨ ਵਿੱਚ ਜਾਗਰੂਕਤਾ ਦੀ ਪਹਿਚਾਣ ਸੀ।

2. ਹਲਚਲਾਂ ਦਾ ਯੁੱਗ: ਪੰਜਾਬ ਦੁਨੀਆਂ ਦਾ ਰਸਤਾ, ਪੰਜਾਬ ਦੀ ਭੂਗੋਲਿਕ ਸਥਿਤੀ ਨੇ ਇਸਨੂੰ ਸਦੀਆਂ ਦੇ ਨਾਲ ਇੱਕ ਰਸਤਾ ਬਣਾ ਦਿੱਤਾ। ਇਹ ਮੱਧ ਏਸ਼ੀਆ ਅਤੇ ਭਾਰਤੀ ਉਪਮਹਾਂਦੀਪ ਦੇ ਦਰਮਿਆਨ ਸੀ, ਇਸ ਲਈ ਇਹ ਕੁਦਰਤੀ ਤੌਰ ਤੇ ਆਉਣ-ਜਾਣ ਦਾ ਮਾਰਗ ਬਣ ਗਿਆ। ਇਹ ਆਵਾਜਾਈ ਸਿਰਫ਼ ਵਪਾਰ ਤੱਕ ਸੀਮਿਤ ਨਹੀਂ ਸੀ, ਇਸ ਵਿੱਚ ਹਮਲੇ, ਮਾਈਗ੍ਰੇਸ਼ਨ ਅਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਵੀ ਸ਼ਾਮਲ ਸੀ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਮੁਲਾਕਾਤ ਅਲੈਕਜ਼ੈਂਡਰ ਮਹਾਨ ਦੀ ਸੀ। ਉਸਦੀ ਆਮਦ ਨਾਲ ਪੰਜਾਬ ਦੁਨੀਆਂ ਦੇ ਵੱਡੇ ਇਤਿਹਾਸ ਦਾ ਹਿੱਸਾ ਬਣਿਆ। ਪਰ ਇਹ ਕੋਈ ਅੰਤਿਮ ਬਦਲਾਅ ਨਹੀਂ ਸੀ, ਇਹ ਸਿਰਫ਼ ਇਕ ਲਗਾਤਾਰ ਪ੍ਰਕਿਰਿਆ ਦਾ ਹਿੱਸਾ ਸੀ। ਇਸ ਤੋਂ ਬਾਅਦ ਕਈ ਕਬੀਲੇ, ਰਾਜ ਅਤੇ ਸਮਰਾਜ ਪੰਜਾਬ ਵਿੱਚ ਆਏ ਜਾਂ ਇੱਥੇ ਰਹੇ। ਉਹ ਆਪਣੇ ਰਿਵਾਜ, ਭਾਸ਼ਾਵਾਂ ਅਤੇ ਪ੍ਰਣਾਲੀਆਂ ਲੈ ਕੇ ਆਏ। ਪਰ ਪੰਜਾਬ ਟੁੱਟਿਆ ਨਹੀਂ। ਇਸ ਨੇ ਉਹਨਾਂ ਨੂੰ ਆਪਣੇ ਵਿੱਚ ਸਮਾ ਕੇ ਨਵਾਂ ਰੂਪ ਦਿੱਤਾ। ਇਹੀ ਪੰਜਾਬ ਦੀ ਖ਼ਾਸੀਅਤ ਹੈ; ਬਦਲਾਅ ਨੂੰ ਸਵੀਕਾਰ ਕਰਨਾ ਬਿਨਾਂ ਆਪਣੀ ਪਹਿਚਾਣ ਗੁਆਏ। ਇਹ ਸਾਨੂੰ ਸਿਖਾਉਂਦਾ ਹੈ ਕਿ ਜੀਉਣਾ ਸਿਰਫ਼ ਵਿਰੋਧ ਨਾਲ ਨਹੀਂ, ਸਿਆਣਪ ਨਾਲ ਬਦਲਾਅ ਕਰਕੇ ਹੁੰਦਾ ਹੈ। ਪੰਜਾਬ ਇੱਕ ਜੀਵੰਤ ਚੌਰਾਹਾ ਬਣ ਗਿਆ ਜਿੱਥੇ ਵਿਭਿੰਨਤਾ ਨੂੰ ਮਿਟਾਇਆ ਨਹੀਂ ਗਿਆ, ਬਲਕਿ ਅਪਣਾਇਆ ਗਿਆ।

ਵਿਚਾਰ: ਕਿਸੇ ਧਰਤੀ ਨੂੰ ਸਦੀਵੀ ਬਣਾਉਂਦਾ ਹੈ; ਬਦਲਾਅ ਨੂੰ ਸਵੀਕਾਰ ਕਰਨਾ ਅਤੇ ਉਸ ਨੂੰ ਆਪਣੀ ਪਛਾਣ ਦਾ ਹਿੱਸਾ ਬਣਾ ਲੈਣਾ।÷

3. ਮੱਧਕਾਲ: ਤਾਕਤ, ਸੱਭਿਆਚਾਰ ਅਤੇ ਵਿਰੋਧਾਭਾਸ ਮੱਧਕਾਲ ਵਿੱਚ ਦਿੱਲੀ ਸੁਲਤਾਨਤ ਅਤੇ ਮੁਗਲ ਸਮਰਾਜ ਵਰਗੇ ਸੰਗਠਿਤ ਰਾਜ ਆਏ। ਪੰਜਾਬ ਵੱਡੇ ਰਾਜਨੀਤਿਕ ਢਾਂਚਿਆਂ ਦਾ ਹਿੱਸਾ ਬਣਿਆ। ਇਸ ਨਾਲ ਪ੍ਰਸ਼ਾਸਨ, ਇਮਾਰਤਾਂ ਅਤੇ ਸੱਭਿਆਚਾਰ ਵਿੱਚ ਵਿਕਾਸ ਹੋਇਆ। ਇਹ ਸ਼ਹਿਰਾਂ ਦੇ ਫੈਲਾਅ, ਵਪਾਰ ਦੇ ਵਾਧੇ ਅਤੇ ਕਲਾ ਦੇ ਚੜ੍ਹਾਅ ਦਾ ਸਮਾਂ ਸੀ। ਪਰ ਇਸਦੇ ਨਾਲ ਹੀ ਸਮਾਜਿਕ ਅਸਮਾਨਤਾਵਾਂ ਵੀ ਵਧੀਆਂ। ਪਹਿਚਾਣ ਬਾਹਰੀ ਨਿਸ਼ਾਨਿਆਂ ਨਾਲ ਜੁੜ ਗਈ। ਇਸ ਸਮੇਂ ਪੰਜਾਬ ਦੋ ਹਕੀਕਤਾਂ ਵਿੱਚ ਜੀ ਰਿਹਾ ਸੀ—ਸੱਭਿਆਚਾਰ ਨਾਲ ਭਰਪੂਰ ਪਰ ਅਸਮਾਨਤਾ ਨਾਲ ਭਰਿਆ। ਇਹ ਵਿਰੋਧ ਅੰਦਰੂਨੀ ਟਕਰਾਅ ਪੈਦਾ ਕਰਦਾ ਸੀ। ਇਹੋ ਜਿਹੇ ਤਣਾਅ ਵਿੱਚ ਬਦਲਾਅ ਸ਼ੁਰੂ ਹੁੰਦਾ ਹੈ।

4. ਆਧਿਆਤਮਿਕ ਕ੍ਰਾਂਤੀ: ਬਾਬਾ ਗੁਰੂ ਨਾਨਕ ਦੇਵ ਜੀ ਦਾ ਆਗਮਨ: 15ਵੀਂ ਸਦੀ ਵਿੱਚ ਗੁਰੂ ਨਾਨਕ ਦਾ ਜਨਮ ਇੱਕ ਵੱਡਾ ਮੋੜ ਸੀ। ਉਹ ਨਨਕਾਣਾ ਸਾਹਿਬ ਵਿੱਚ ਜਨਮੇ ਅਤੇ ਸਿਰਫ਼ ਹਾਲਾਤਾਂ ਨੂੰ ਨਹੀਂ ਸਮਝਿਆ, ਬਲਕਿ ਉਨ੍ਹਾਂ ਨੂੰ ਨਵਾਂ ਅਰਥ ਦਿੱਤਾ। ਉਨ੍ਹਾਂ ਦਾ ਸੰਦੇਸ਼ ਸਧਾਰਣ ਪਰ ਗਹਿਰਾ ਸੀ: ਇੱਕ ਰੱਬ, ਸਾਰੇ ਮਨੁੱਖ ਬਰਾਬਰ,ਜਾਤ-ਪਾਤ ਦਾ ਕੋਈ ਮਤਲਬ ਨਹੀਂ ਉਨ੍ਹਾਂ ਨੇ ਰਸਮਾਂ ਨੂੰ ਠੁਕਰਾਇਆ ਅਤੇ ਸੱਚ ਨੂੰ ਜੀਵਨ ਵਿੱਚ ਅਨੁਭਵ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦੀ ਸਿੱਖਿਆ ਦਾ ਮਕਸਦ ਚੇਲੇ ਬਣਾਉਣਾ ਨਹੀਂ ਸੀ, ਬਲਕਿ ਲੋਕਾਂ ਨੂੰ ਜਾਗਰੂਕ ਕਰਨਾ ਸੀ।

ਵਿਚਾਰ: ਗੁਰੂ ਨਾਨਕ ਜੀ ਨੇ ਨਵਾਂ ਧਰਮ ਨਹੀਂ ਬਣਾਇਆ; ਉਨ੍ਹਾਂ ਨੇ ਸੱਚ ਨੂੰ ਢੱਕਣ ਵਾਲੇ ਪਰਦੇ ਹਟਾਏ।

5. ਗੁਰੂ ਪਰੰਪਰਾ: ਹਿੰਮਤ ਦੀ ਜਾਗਰੂਕਤਾ,ਗੁਰੂ ਨਾਨਕ ਸਿਰਫ਼ ਇੱਕ ਅਧਿਆਪਕ ਹੋ ਕੇ ਨਹੀਂ ਰੁਕੇ, ਗੁਰਿਆਈ ਇੱਕ ਲੜੀ ਦੇ ਰੂਪ ਵਿੱਚ ਅੱਗੇ ਵਧੀ ਜਿੱਥੇ ਹਰ ਗੁਰੂ ਨੇ ਇਸ ਦਰਸ਼ਨ ਨੂੰ ਹੋਰ ਵਿਸਥਾਰ ਅਤੇ ਗਹਿਰਾਈ ਦਿੱਤੀ। ਹਰ ਗੁਰੂ ਨੇ ਇੱਕ ਹੋਰ ਆਧਿਆਤਮਿਕ ਅਤੇ ਜ਼ਿੰਮੇਵਾਰ ਸਮਾਜ ਬਣਾਉਣ ਵਿੱਚ ਯੋਗਦਾਨ ਦਿੱਤਾ। ਇਹ ਯਾਤਰਾ ਆਪਣੇ ਚਰਮ 'ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਪਹੁੰਚੀ। ਉਨ੍ਹਾਂ ਨੇ ਖਾਲਸਾ ਦੀ ਸਥਾਪਨਾ ਕੀਤੀ ਅਤੇ ਪਹਿਚਾਣ ਵਿੱਚ ਇੱਕ ਵੱਡਾ ਬਦਲਾਅ ਲਿਆਇਆ।



ਖਾਲਸਾ ਦਰਸਾਉਂਦਾ ਸੀ: ਨਿਰਭਉਤਾ, ਅਨੁਸ਼ਾਸਨ,ਬਰਾਬਰੀ, ਨਿਆਂ ਲਈ ਵਚਨਬੱਧਤਾ,ਪੰਜ ਪਿਆਰਿਆਂ ਦੀ ਪ੍ਰਗਟਾਵਟ ਇਹ ਦਰਸਾਉਂਦੀ ਸੀ ਕਿ ਨੇਤ੍ਰਿਤਵ ਅਤੇ ਤਾਕਤ ਵਿਅਕਤੀਗਤ ਹਕੂਮਤ ਤੋਂ ਨਹੀਂ, ਸਾਂਝੀ ਇਕਤਾ ਤੋਂ ਆਉਂਦੀ ਹੈ। ਇਹ ਕਦਮ ਇੱਕ ਮਹੱਤਵਪੂਰਨ ਵਿਕਾਸ ਦਿਖਾਉਂਦਾ ਹੈ: ਆਧਿਆਤਮਿਕਤਾ ਕਿਰਿਆ ਵਿੱਚ ਆ ਗਈ—ਇਹ ਅਨਿਆਂ ਦੇ ਵਿਰੁੱਧ ਖੜ੍ਹੀ ਹੋਈ ਅਤੇ ਸੱਚ ਦੀ ਰੱਖਿਆ ਕਰਨ ਲੱਗੀ।

ਵਿਚਾਰ: ਜਦੋਂ ਚੇਤਨਾ ਨਿਰਭਉ ਬਣਦੀ ਹੈ, ਇਹ ਮਨੁੱਖਤਾ ਦੀ ਢਾਲ ਬਣ ਜਾਂਦੀ ਹੈ।

6. ਮਹਾਰਾਜਾ ਰਣਜੀਤ ਸਿੰਘ ਦਾ ਯੁੱਗ: ਇਕਤਾ ਅਤੇ ਤਾਕਤ,19ਵੀਂ ਸਦੀ ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਨੂੰ ਰਾਜਨੀਤਿਕ ਤੌਰ 'ਤੇ ਇਕਜੁੱਟ ਕੀਤਾ। ਸਿੱਖ ਸਮਰਾਜ ਇੱਕ ਮਜ਼ਬੂਤ, ਸਥਿਰ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਰਾਜ ਬਣਿਆ। ਉਨ੍ਹਾਂ ਦਾ ਰਾਜ ਦਰਸਾਉਂਦਾ ਸੀ: ਧਾਰਮਿਕ ਸਹਿਣਸ਼ੀਲਤਾ,ਪ੍ਰਸ਼ਾਸਨਕ ਕੁਸ਼ਲਤਾ ਸੱਭਿਆਚਾਰਕ ਸਾਂਝ: ਇਸ ਯੁੱਗ ਨੇ ਸਾਬਤ ਕੀਤਾ ਕਿ ਪੰਜਾਬ ਆਧਿਆਤਮਿਕ ਮੂਲਿਆਂ ਨੂੰ ਰਾਜਨੀਤਿਕ ਤਾਕਤ ਨਾਲ ਜੋੜ ਸਕਦਾ ਹੈ।

7. ਉਪਨਿਵੇਸ਼ਕ ਬਦਲਾਅ: ਵਿਕਾਸ ਨਾਲ ਕਾਬੂ, ਅੰਗਰੇਜ਼ੀ ਰਾਜ ਨਾਲ ਪੰਜਾਬ ਇੱਕ ਨਵੇਂ ਪੜਾਅ ਵਿੱਚ ਦਾਖਲ ਹੋਇਆ। ਢਾਂਚੇ ਵਿੱਚ ਸੁਧਾਰ, ਖੇਤੀਬਾੜੀ ਵਿੱਚ ਵਾਧਾ ਅਤੇ ਪ੍ਰਣਾਲੀਆਂ ਵਿੱਚ ਸੁਧਾਰ ਹੋਏ। ਪਰ ਇਸਦੇ ਨਾਲ ਹੀ ਸ਼ੋਸ਼ਣ ਅਤੇ ਕਾਬੂ ਵੀ ਸੀ। ਜਲਿਆਂਵਾਲਾ ਬਾਗ ਕਤਲੇਆਮ ਇੱਕ ਦੁਖਦਾਈ ਮੋੜ ਸੀ। ਇਸ ਨੇ ਅੰਗਰੇਜ਼ੀ ਰਾਜ ਦੀ ਕਰੂਰਤਾ ਨੂੰ ਸਾਹਮਣੇ ਲਿਆਇਆ ਅਤੇ ਸਾਂਝੀ ਜਾਗਰੂਕਤਾ ਨੂੰ ਜਗਾਇਆ। ਪੰਜਾਬ ਵਿਰੋਧ ਦਾ ਕੇਂਦਰ ਬਣ ਗਿਆ।

8. ਬਦਲਾਅ ਦੇ ਕਿਨਾਰੇ :ਜਿਵੇਂ ਉਪਨਿਵੇਸ਼ਕ ਯੁੱਗ ਅੱਗੇ ਵਧਿਆ, ਪੰਜਾਬ ਇੱਕ ਵੱਡੇ ਬਦਲਾਅ ਦੇ ਕਿਨਾਰੇ ਖੜ੍ਹਾ ਸੀ। ਆਜ਼ਾਦੀ ਦੀ ਲੋੜ ਵਧ ਰਹੀ ਸੀ ਅਤੇ ਅਣਸ਼ਚਿਤਤਾ ਵੀ ਵਧ ਰਹੀ ਸੀ। ਜੋ ਧਰਤੀ ਹਮੇਸ਼ਾਂ ਇਕਜੁੱਟ ਕਰਦੀ ਸੀ, ਉਹ ਹੁਣ ਵੰਡ ਦੇ ਮੋੜ 'ਤੇ ਸੀ।

9. ਵੰਡ: ਟੁੱਟਣ ਦਾ ਸਮਾਂ 1947 ਵਿੱਚ ਭਾਰਤ ਦੀ ਵੰਡ ਪੰਜਾਬ ਦੇ ਇਤਿਹਾਸ ਦੀ ਸਭ ਤੋਂ ਦਰਦਨਾਕ ਘਟਨਾਵਾਂ ਵਿੱਚੋਂ ਇੱਕ ਸੀ। ਇਹ ਸਿਰਫ਼ ਰਾਜਨੀਤਿਕ ਫੈਸਲਾ ਨਹੀਂ ਸੀ, ਬਲਕਿ ਮਨੁੱਖੀ ਟੁੱਟਣ ਸੀ। ਪੰਜਾਬ, ਜੋ ਹਮੇਸ਼ਾਂ ਵਹਿੰਦਾ ਰਿਹਾ ਸੀ, ਹੁਣ ਦੋ ਹਿੱਸਿਆਂ ਵਿੱਚ ਵੰਡਿਆ ਗਿਆ—ਇੱਕ ਭਾਰਤ ਵਿੱਚ ਅਤੇ ਦੂਜਾ ਪਾਕਿਸਤਾਨ ਵਿੱਚ। ਇਹ ਵੰਡ ਸਿਰਫ਼ ਨਕਸ਼ੇ 'ਤੇ ਨਹੀਂ ਸੀ, ਇਹ ਦਿਲਾਂ ਵਿੱਚ ਸੀ। ਪਰਿਵਾਰ ਟੁੱਟ ਗਏ, ਪਿੰਡ ਉਜੜ ਗਏ ਅਤੇ ਜਾਣ-ਪਹਿਚਾਣ ਵਾਲੀ ਧਰਤੀ ਅਜਾਣੀ ਬਣ ਗਈ। ਲੋਕ, ਜੋ ਸਦੀਆਂ ਤੋਂ ਇਕੱਠੇ ਰਹਿੰਦੇ ਸਨ, ਇੱਕ ਲਕੀਰ ਦੇ ਦੋ ਪਾਸਿਆਂ 'ਤੇ ਸਦਾ ਲਈ ਵੱਖ ਹੋ ਗਏ। ਰਾਵਲਪਿੰਡੀ ਵਰਗੇ ਸ਼ਹਿਰਾਂ ਵਿੱਚ ਬੇਘਰਪਨ ਵੱਡੇ ਪੱਧਰ 'ਤੇ ਹੋਇਆ। ਸਰਬੀਅਨ ਮੋਹੱਲਾ ਵਰਗੇ ਇਲਾਕੇ, ਜਿੱਥੇ ਇਕੱਠੇ ਜੀਵਨ ਸੀ, ਯਾਦਾਂ ਵਿੱਚ ਬਦਲ ਗਏ। ਭਾਰਤ ਵਾਲੇ ਪਾਸੇ ਸ਼ਰਨਾਰਥੀਆਂ ਦੀ ਆਮਦ ਨਾਲ ਨਵੇਂ ਬਸਤੇ ਬਣੇ। ਕੱਚੇ ਮੋਹੱਲੇ ਉਭਰੇ, ਇਹ ਸਿਰਫ਼ ਵਸੇਬੇ ਨਹੀਂ ਸਨ, ਇਹ ਜੀਉਣ ਦੀ ਕੋਸ਼ਿਸ਼ ਸਨ।

ਵੰਡ ਨੇ ਇੱਕ ਕੜੀ ਸੱਚਾਈ ਦਿਖਾਈ: ਜ਼ਮੀਨ ਨੂੰ ਇੱਕ ਪਲ ਵਿੱਚ ਵੰਡਿਆ ਜਾ ਸਕਦਾ ਹੈ, ਪਰ ਮਨੁੱਖੀ ਦਰਦ ਪੀੜੀਆਂ ਤੱਕ ਚੱਲਦਾ ਹੈ। ਪਰ ਇਸ ਵਿਨਾਸ਼ ਵਿੱਚ ਵੀ ਪੰਜਾਬ ਨੇ ਆਪਣੀ ਸਭ ਤੋਂ ਵੱਡੀ ਤਾਕਤ ਦਿਖਾਈ—ਮੁੜ ਖੜ੍ਹੇ ਹੋਣ ਦੀ ਤਾਕਤ।

ਵਿਚਾਰ: ਇਤਿਹਾਸ ਤੁਹਾਨੂੰ ਤੋੜਦਾ ਹੈ; ਤੁਸੀਂ ਕਿਵੇਂ ਮੁੜ ਖੜ੍ਹਦੇ ਹੋ, ਇਹ ਤੁਹਾਡੀ ਅਸਲੀ ਪਹਿਚਾਣ ਦੱਸਦਾ ਹੈ।

10. ਮੁੜ ਬਣਾਉਣ ਦਾ ਯੁੱਗ: ਦੂਜਾ ਜਨਮ ਵੰਡ ਤੋਂ ਬਾਅਦ ਪੰਜਾਬ ਨੇ ਇੱਕ ਨਵਾਂ ਪੜਾਅ ਸ਼ੁਰੂ ਕੀਤਾ, ਜਿਸਨੂੰ ਦੂਜਾ ਜਨਮ ਕਿਹਾ ਜਾ ਸਕਦਾ ਹੈ। ਜਿਨ੍ਹਾਂ ਨੇ ਸਭ ਕੁਝ ਗੁਆ ਦਿੱਤਾ ਸੀ, ਉਹਨਾਂ ਨੇ ਮੁੜ ਤੋਂ ਜੀਵਨ ਸ਼ੁਰੂ ਕੀਤਾ। ਇਹ ਸਿਰਫ਼ ਸਰੀਰਕ ਨਿਰਮਾਣ ਨਹੀਂ ਸੀ, ਇਹ ਭਾਵਨਾਤਮਿਕ ਅਤੇ ਮਾਨਸਿਕ ਠੀਕ ਹੋਣਾ ਸੀ। ਦਰਦ ਕਦੇ ਨਹੀਂ ਗਿਆ, ਪਰ ਉਹ ਤਾਕਤ ਵਿੱਚ ਬਦਲ ਗਿਆ। ਇਹ ਹਿੰਮਤ ਨਵੇਂ ਸ਼ਹਿਰਾਂ, ਬਾਜ਼ਾਰਾਂ ਅਤੇ ਖੇਤੀਬਾੜੀ ਪ੍ਰਣਾਲੀਆਂ ਵਿੱਚ ਦਿਖੀ। ਪੰਜਾਬ ਨੇ ਇੰਤਜ਼ਾਰ ਨਹੀਂ ਕੀਤਾ, ਉਸਨੇ ਖੁਦ ਨੂੰ ਆਪਣੇ ਕੰਮ ਨਾਲ ਠੀਕ ਕੀਤਾ। ਇਹ ਇੱਕ ਵੱਡਾ ਸਬਕ ਹੈ: ਸਹਿਨਸ਼ੀਲਤਾ ਦਾ ਮਤਲਬ ਦਰਦ ਨਾ ਹੋਣਾ ਨਹੀਂ, ਬਲਕਿ ਦਰਦ ਨੂੰ ਤਾਕਤ ਵਿੱਚ ਬਦਲਣਾ ਹੈ।

11. ਪੰਜਾਬ: ਨਵੀਂ ਪਹਿਚਾਣ ਆਜ਼ਾਦੀ ਤੋਂ ਬਾਅਦ ਪ੍ਰਸ਼ਾਸਨਿਕ ਤੌਰ 'ਤੇ ਪੰਜਾਬ ਨੂੰ ਮੁੜ ਸੰਗਠਿਤ ਕੀਤਾ ਗਿਆ। ਹਰਿਆਣਾ ਬਣਿਆ ਅਤੇ ਹਿਮਾਚਲ ਪ੍ਰਦੇਸ਼ ਵਧਿਆ। ਚੰਡੀਗੜ੍ਹ ਸਾਂਝੀ ਰਾਜਧਾਨੀ ਬਣੀ। ਇਹ ਪਹਿਲਾਂ ਟੁੱਟਣ ਵਾਂਗ ਲੱਗਿਆ, ਪਰ ਅਸਲ ਵਿੱਚ ਇਹ ਸਪਸ਼ਟੀਕਰਨ ਸੀ। ਪੰਜਾਬ ਨੂੰ ਆਪਣੀ ਭਾਸ਼ਾਈ ਅਤੇ ਸੱਭਿਆਚਾਰਕ ਪਹਿਚਾਣ ਹੋਰ ਸਪਸ਼ਟ ਮਿਲੀ। ਇਹ ਇੱਕ ਮਹੱਤਵਪੂਰਨ ਵਿਚਾਰ ਦਿਖਾਉਂਦਾ ਹੈ: ਹੱਦਾਂ ਬਦਲਣ ਨਾਲ ਪਹਿਚਾਣ ਘਟਦੀ ਨਹੀਂ—ਉਹ ਹੋਰ ਸਪਸ਼ਟ ਹੁੰਦੀ ਹੈ।

12. ਹਰਿਤ ਕ੍ਰਾਂਤੀ: ਮਿਹਨਤ ਨਾਲ ਦੇਸ਼ ਦੀ ਭੁੱਖ ਮਿਟਾਉਣਾ,1960 ਦੇ ਦਹਾਕੇ ਵਿੱਚ ਹਰਿਤ ਕ੍ਰਾਂਤੀ ਨੇ ਪੰਜਾਬ ਨੂੰ ਇੱਕ ਨਵੇਂ ਪੜਾਅ 'ਚ ਲਿਆਇਆ। ਭਾਰਤ ਨੇ ਖਾਦ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬ ਨੂੰ ਕੇਂਦਰ ਬਣਾਇਆ। ਨਵੇਂ ਬੀਜ, ਸਿੰਚਾਈ ਅਤੇ ਤਰੀਕਿਆਂ ਨਾਲ ਉਤਪਾਦਨ ਵਧ ਗਿਆ। ਪੰਜਾਬ ਨੂੰ ਭਾਰਤ ਦਾ ਅਨਾਜ ਘਰ ਕਿਹਾ ਗਿਆ।

ਇਹ ਸਿਰਫ਼ ਅੰਕੜੇ ਨਹੀਂ ਸਨ—ਇਹ ਇੱਕ ਵੱਡੀ ਸੱਚਾਈ ਸੀ: ਮਿਹਨਤ ਜਦੋਂ ਦ੍ਰਿਸ਼ਟੀ ਨਾਲ ਜੁੜਦੀ ਹੈ, ਉਹ ਮਨੁੱਖਤਾ ਦੀ ਸੇਵਾ ਬਣ ਜਾਂਦੀ ਹੈ।

13. ਸੱਭਿਆਚਾਰ: ਮੁਸ਼ਕਲਾਂ ਵਿੱਚ ਵੀ ਖੁਸ਼ੀ, ਪੰਜਾਬ ਦੀ ਸੱਭਿਆਚਾਰ ਹਮੇਸ਼ਾਂ ਜੀਵੰਤ ਰਹੀ ਹੈ। ਵਿਸਾਖੀ ਵਰਗੇ ਤਿਉਹਾਰ, ਭੰਗੜਾ ਅਤੇ ਗਿੱਧਾ ਵਰਗੇ ਨਾਚ ਖੁਸ਼ੀ ਅਤੇ ਉਤਸ਼ਾਹ ਦਿਖਾਉਂਦੇ ਹਨ। ਇਹ ਸੱਭਿਆਚਾਰ ਦੁੱਖ ਨੂੰ ਨਹੀਂ ਛੁਪਾਉਂਦੀ, ਉਹ ਉਸਨੂੰ ਖੁਸ਼ੀ ਵਿੱਚ ਬਦਲ ਦਿੰਦੀ ਹੈ। ਪੰਜਾਬ ਸਾਨੂੰ ਸਿਖਾਉਂਦਾ ਹੈ: ਖੁਸ਼ੀ ਦਰਦ ਦੀ ਗੈਰਹਾਜ਼ਰੀ ਨਹੀਂ, ਉਸ 'ਤੇ ਜਿੱਤ ਹੈ।

14. ਭਾਸ਼ਾ: ਪਹਿਚਾਣ ਦੀ ਡੋਰ,ਪੰਜਾਬੀ ਭਾਸ਼ਾ ਸਿਰਫ਼ ਗੱਲਬਾਤ ਨਹੀਂ—ਇਹ ਯਾਦਾਂ ਅਤੇ ਭਾਵਨਾਵਾਂ ਦੀ ਵਾਹਕ ਹੈ। ਵਿਦੇਸ਼ਾਂ ਵਿੱਚ ਵੀ ਪੰਜਾਬੀ ਲੋਕ ਆਪਣੀ ਭਾਸ਼ਾ ਨਾਲ ਜੁੜੇ ਰਹਿੰਦੇ ਹਨ।

ਵਿਚਾਰ: ਭਾਸ਼ਾ ਉਹ ਨਹੀਂ ਜੋ ਅਸੀਂ ਬੋਲਦੇ ਹਾਂ, ਭਾਸ਼ਾ ਉਹ ਹੈ ਜਿਸ ਰਾਹੀਂ ਅਸੀਂ ਜੀਵਨ ਬੋਲਦੇ ਹਾਂ।

15. ਵਿਦੇਸ਼ੀ ਪੰਜਾਬ: ਪੰਜਾਬ ਸਰਹੱਦਾਂ ਤੋਂ ਪਰੇ, ਅੱਜ ਪੰਜਾਬੀ ਲੋਕ ਦੁਨੀਆ ਭਰ ਵਿੱਚ ਹਨ, ਪਰ ਉਹ ਪੰਜਾਬ ਨੂੰ ਆਪਣੇ ਨਾਲ ਲੈ ਕੇ ਜਾਂਦੇ ਹਨ। ਇਹ ਦਿਖਾਉਂਦਾ ਹੈ: ਪਹਿਚਾਣ ਥਾਂ ਨਾਲ ਨਹੀਂ, ਚੇਤਨਾ ਨਾਲ ਜੁੜੀ ਹੁੰਦੀ ਹੈ।

16. ਮਿਹਨਤ ਦੀ ਰੂਹ: ਪੰਜਾਬੀ ਲੋਕ ਮਿਹਨਤੀ ਹੁੰਦੇ ਹਨ। ਕੰਮ ਉਹਨਾਂ ਲਈ ਬੋਝ ਨਹੀਂ, ਗੌਰਵ ਹੈ।

17. ਕੁਰਬਾਨੀ: ਤਾਕਤ ਦਾ ਰਾਜ਼, ਪੰਜਾਬ ਦਾ ਇਤਿਹਾਸ ਕੁਰਬਾਨੀ ਨਾਲ ਭਰਿਆ ਹੈ। ਗੁਰੂਆਂ ਤੋਂ ਲੈ ਕੇ ਸਿਪਾਹੀਆਂ ਅਤੇ ਕਿਸਾਨਾਂ ਤੱਕ ਸਭ ਨੇ ਦਿੱਤਾ ਹੈ। ਇਹ ਸਿਖਾਉਂਦਾ ਹੈ: ਤਾਕਤ ਉਸ ਵਿੱਚ ਨਹੀਂ ਜੋ ਅਸੀਂ ਲੈਂਦੇ ਹਾਂ, ਬਲਕਿ ਉਸ ਵਿੱਚ ਹੈ ਜੋ ਅਸੀਂ ਦੇ ਸਕਦੇ ਹਾਂ।

18. ਆਧੁਨਿਕ ਚੁਣੌਤੀਆਂ : ਪੰਜਾਬ ਅੱਜ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਪਰ ਇਹ ਅਸੰਭਵ ਨਹੀਂ।

19. ਲਗਾਤਾਰ ਰੂਹ: ਪੰਜਾਬ ਦੀ ਸਭ ਤੋਂ ਵੱਡੀ ਖਾਸੀਅਤ ਉਸਦੀ ਲਗਾਤਾਰਤਾ ਹੈ। ਇਹ ਬਦਲਿਆ, ਟੁੱਟਿਆ, ਪਰ ਅੱਗੇ ਵਧਿਆ।


ਅੰਤਿਮ ਵਿਚਾਰ: ਪੰਜਾਬ ਸਿਰਫ਼ ਬੀਤੇ ਸਮੇਂ ਦੀ ਕਹਾਣੀ ਨਹੀਂ, ਇਹ ਅੱਜ ਵੀ ਜੀਉਂਦਾ ਹੈ, ਜਦ ਤੱਕ ਉਸਦੀ ਰੂਹ ਜੀਉਂਦੀ ਹੈ।

ਨਤੀਜਾ: ਸਮੇਂ ਤੋਂ ਪਰੇ ਪੰਜਾਬ,ਪੰਜਾਬ ਸਿਰਫ਼ ਪੰਜ ਦਰਿਆਵਾਂ ਦੀ ਧਰਤੀ ਨਹੀਂ, ਇਹ ਪੰਜ ਤਾਕਤਾਂ ਦੀ ਧਰਤੀ ਹੈ ਸੱਭਿਆਚਾਰ,ਵਿਸ਼ਵਾਸ, ਹਿੰਮਤ,ਮਿਹਨਤ,ਨਵੀਂਕਰਨ,ਜਦ ਤੱਕ ਇਹ ਗੁਣ ਰਹਿਣਗੇ, ਪੰਜਾਬ ਸਿਰਫ਼ ਜੀਵੇਗਾ ਨਹੀਂ , ਅਮਰ ਰਹੇਗਾ।

ਗੱਲ ਤਾਂ
ਪਰਦੇ
ਦੀ ਹੀ ਹੈ !

TWC
TIMELESS WINDOW
COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

ਕਾਲ: 403 953 1000

E Mail: Contact@twcoverings.com
Web: www.twcoverings.com
Timelesswindowcoverings

# ਪੌਡਕਾਸਟ ਦੇ ਦੌਰ ਵਿੱਚ ਡਿੱਗ ਰਿਹਾ ਪੱਤਰਕਾਰੀ ਦਾ ਮਿਆਰ

## ਪੌਡਕਾਸਟ ਕਲਚਰ: ਮਿਆਰੀ ਪੱਤਰਕਾਰੀ ਤੋਂ ਸਸਤੇ ਵਿਊਜ਼ ਦੀ ਦੌੜ ਤੱਕ ਦਾ ਸਫ਼ਰ




**ਚਾਨਣਦੀਪ ਸਿੰਘ ਔਲਖ,**
ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ
9876888177

ਅੱਜਕਲ੍ਹ ਸੋਸ਼ਲ ਮੀਡੀਆ 'ਤੇ ਪੌਡਕਾਸਟ ਯਾਨੀ ਵੀਡੀਓ ਇੰਟਰਵਿਊ ਦੇਖਣ ਦਾ ਬਹੁਤ ਰਿਵਾਜ ਚੱਲ ਪਿਆ ਹੈ। ਪਰ ਇਸ ਦੇ ਨਾਂ 'ਤੇ ਪੱਤਰਕਾਰੀ ਦਾ ਪੱਧਰ ਬਹੁਤ ਹੇਠਾਂ ਡਿੱਗ ਚੁੱਕਾ ਹੈ, ਜੋ ਕਿ ਇੱਕ ਚਿੰਤਾ ਦੀ ਗੱਲ ਹੈ। ਅੱਜ ਦੇ ਸਮੇਂ ਵਿੱਚ ਹਰ ਇਨਸਾਨ ਕੋਲ ਮੋਬਾਈਲ ਅਤੇ ਇੰਟਰਨੈੱਟ ਹੈ, ਜਿਸ ਕਰਕੇ ਕੋਈ ਵੀ ਆਪਣਾ ਚੈਨਲ ਖੋਲ੍ਹ ਕੇ ਬੈਠ ਜਾਂਦਾ ਹੈ। ਜਦੋਂ ਇਹ ਪੌਡਕਾਸਟ ਸ਼ੁਰੂ ਹੋਏ ਸਨ, ਉਦੋਂ ਲੱਗਦਾ ਸੀ ਕਿ ਇਨ੍ਹਾਂ ਰਾਹੀਂ ਲੋਕਾਂ ਨੂੰ ਚੰਗੀਆਂ ਅਤੇ ਸਿੱਖਣ ਵਾਲੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ। ਪਰ ਅੱਜਕਲ੍ਹ ਇਨ੍ਹਾਂ ਵਿੱਚ ਜ਼ਿਆਦਾਤਰ ਗੰਦ ਹੀ ਪਰੋਸਿਆ ਜਾ ਰਿਹਾ ਹੈ।

ਜੇ ਅਸੀਂ ਪਹਿਲਾਂ ਦੇ ਸਮੇਂ ਦੀ ਗੱਲ ਕਰੀਏ, ਤਾਂ ਟੀਵੀ ਜਾਂ ਅਖ਼ਬਾਰਾਂ ਵਿੱਚ ਇੰਟਰਵਿਊ ਸਿਰਫ਼ ਉਨ੍ਹਾਂ ਲੋਕਾਂ ਦੀ ਹੁੰਦੀ ਸੀ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਕੋਈ ਵੱਡੀ ਮਿਹਨਤ ਕੀਤੀ ਹੁੰਦੀ ਸੀ। ਖੇਡਾਂ, ਪੜ੍ਹਾਈ, ਕਲਾ, ਰਾਜਨੀਤੀ ਜਾਂ ਸਮਾਜ ਸੇਵਾ ਵਿੱਚ ਵੱਡਾ ਨਾਮ ਕਮਾਉਣ ਵਾਲੇ ਲੋਕਾਂ ਨੂੰ ਹੀ ਕੈਮਰੇ ਸਾਹਮਣੇ ਬਿਠਾਇਆ ਜਾਂਦਾ ਸੀ। ਇੰਟਰਵਿਊ ਲੈਣ ਵਾਲੇ ਪੱਤਰਕਾਰ ਵੀ ਬਹੁਤ ਪੜ੍ਹੇ-ਲਿਖੇ ਅਤੇ ਸੂਝਵਾਨ ਹੁੰਦੇ ਸਨ। ਉਹ ਬੜੀ ਇੱਜ਼ਤ ਨਾਲ ਅਜਿਹੇ ਸਵਾਲ ਪੁੱਛਦੇ ਸਨ, ਜਿਨ੍ਹਾਂ ਨੂੰ ਸੁਣ ਕੇ ਲੋਕਾਂ ਨੂੰ ਕੁਝ ਚੰਗਾ ਸਿੱਖਣ ਨੂੰ ਮਿਲੇ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਮਿਲੇ।

ਪਰ ਅੱਜ ਇਹ ਸਭ ਕੁਝ ਬਦਲ ਗਿਆ ਹੈ। ਅੱਜ ਦੇ ਪੌਡਕਾਸਟਾਂ ਵਿੱਚ ਕਿਸੇ ਨੂੰ ਵੀ ਚੁੱਕ ਕੇ ਬਿਠਾ ਲਿਆ ਜਾਂਦਾ ਹੈ। ਚਾਹੇ ਉਸ ਬੰਦੇ ਨੇ ਜ਼ਿੰਦਗੀ ਵਿੱਚ ਕੋਈ ਚੰਗਾ ਕੰਮ ਨਾ ਕੀਤਾ ਹੋਵੇ, ਬੱਸ ਉਹ ਸੋਸ਼ਲ ਮੀਡੀਆ 'ਤੇ ਕਿਸੇ ਪੁੱਠੀ-ਸਿੱਧੀ ਹਰਕਤ ਕਰਕੇ ਮਸ਼ਹੂਰ ਹੋਇਆ ਹੋਣਾ ਚਾਹੀਦਾ ਹੈ। ਅੱਜ ਦੇ ਬਹੁਤੇ ਇੰਟਰਵਿਊ ਲੈਣ ਵਾਲਿਆਂ ਦਾ ਮਕਸਦ ਸਿਰਫ਼ ਇਹ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੀ ਵੀਡੀਓ 'ਤੇ ਬਹੁਤ ਸਾਰੇ ਵਿਊਜ਼ ਆ ਜਾਣ, ਵੀਡੀਓ ਵਾਇਰਲ ਹੋ ਜਾਵੇ ਅਤੇ ਉਹ ਪੈਸਾ ਕਮਾ ਸਕਣ। ਇਸ ਚੱਕਰ ਵਿੱਚ ਉਹ ਪੱਤਰਕਾਰੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੰਦੇ ਹਨ।



ਵੀਡੀਓ ਨੂੰ ਵਾਇਰਲ ਕਰਨ ਲਈ ਮਹਿਮਾਨ ਨੂੰ ਬਹੁਤ ਹੀ ਘਟੀਆ ਅਤੇ ਨਿੱਜੀ ਸਵਾਲ ਪੁੱਛੇ ਜਾਂਦੇ ਹਨ। ਜਾਣਬੁੱਝ ਕੇ ਅਜਿਹੀਆਂ ਗੱਲਾਂ ਛੇੜੀਆਂ ਜਾਂਦੀਆਂ ਹਨ ਜਿਸ ਨਾਲ ਕੋਈ ਝਗੜਾ ਖੜ੍ਹਾ ਹੋਵੇ, ਕੋਈ ਵਿਵਾਦ ਹੋਵੇ ਜਾਂ ਸਾਹਮਣੇ ਵਾਲਾ ਗੁੱਸੇ ਵਿੱਚ ਆ ਕੇ ਕੋਈ ਭੜਕਾਊ ਬਿਆਨ ਦੇ ਦੇਵੇ। ਫਿਰ ਉਸ ਲੜਾਈ ਵਾਲੇ ਹਿੱਸੇ ਦੀ ਛੋਟੀ ਜਿਹੀ ਕਲਿੱਪ ਬਣਾ ਕੇ ਇੰਸਟਾਗ੍ਰਾਮ ਜਾਂ ਯੂਟਿਊਬ 'ਤੇ ਪਾ ਦਿੱਤੀ ਜਾਂਦੀ ਹੈ। ਕਈ ਵਾਰ ਤਾਂ ਕਿਸੇ ਦੇ ਘਰ ਦੇ ਕਲੇਸ਼ ਜਾਂ ਦੁੱਖ ਨੂੰ ਵੀ ਸਿਰਫ਼ ਵਿਊਜ਼ ਵਧਾਉਣ ਲਈ ਤਮਾਸ਼ਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਜੋ ਕਿ ਬਹੁਤ ਸ਼ਰਮਨਾਕ ਹੈ।

ਇਸ ਸਭ ਦਾ ਸਾਡੇ ਨੌਜਵਾਨਾਂ ਅਤੇ ਬੱਚਿਆਂ 'ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਜਦੋਂ ਉਹ ਰੋਜ਼ਾਨਾ ਇੰਟਰਨੈੱਟ 'ਤੇ ਅਜਿਹੇ ਵਿਵਾਦਿਤ ਲੋਕਾਂ ਨੂੰ ਵੱਡੇ ਬਣਦੇ ਦੇਖਦੇ ਹਨ, ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਜ਼ਿੰਦਗੀ ਵਿੱਚ ਪੜ੍ਹਨ-ਲਿਖਣ ਜਾਂ ਮਿਹਨਤ ਕਰਨ ਦੀ ਕੋਈ ਲੋੜ ਨਹੀਂ ਹੈ। ਉਹ ਸੋਚਦੇ ਹਨ ਕਿ ਕੋਈ ਵੀ ਗਲਤ ਜਾਂ ਹਾਸੋਹੀਣੀ ਹਰਕਤ ਕਰਕੇ ਰਾਤੋ-ਰਾਤ ਮਸ਼ਹੂਰ ਹੋਣਾ ਹੀ ਅਸਲ ਕਾਮਯਾਬੀ ਹੈ। ਇਸ ਨਾਲ ਸਾਡੇ ਸਮਾਜ ਦੀ ਬੋਲਚਾਲ ਅਤੇ ਭਾਸ਼ਾ ਵੀ ਖ਼ਰਾਬ ਹੋ ਰਹੀ ਹੈ। ਇੰਟਰਨੈੱਟ ਨੇ ਸਭ ਨੂੰ ਬੋਲਣ ਦੀ ਆਜ਼ਾਦੀ ਦਿੱਤੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਦਿਖਾਉਣਾ ਸ਼ੁਰੂ ਕਰ ਦੇਈਏ। ਮੀਡੀਆ ਦੀ ਇੱਕ ਇੱਜ਼ਤ ਹੁੰਦੀ ਹੈ ਅਤੇ ਇਸ ਇੱਜ਼ਤ ਨੂੰ ਬਚਾ ਕੇ ਰੱਖਣਾ ਪੌਡਕਾਸਟ ਬਣਾਉਣ ਵਾਲਿਆਂ ਦੀ ਜ਼ਿੰਮੇਵਾਰੀ ਹੈ। ਇਸ ਗਿਰਾਵਟ ਨੂੰ ਰੋਕਣ ਲਈ ਜਿੱਥੇ ਵੀਡੀਓ ਬਣਾਉਣ ਵਾਲਿਆਂ ਨੂੰ ਆਪਣੀ ਸੋਚ ਬਦਲਣੀ ਪਵੇਗੀ, ਉੱਥੇ ਹੀ ਸਾਨੂੰ ਯਾਨੀ ਦਰਸ਼ਕਾਂ ਨੂੰ ਵੀ ਸੁਧਰਨਾ ਪਵੇਗਾ। ਸਾਨੂੰ ਅਜਿਹੀਆਂ ਫ਼ਾਲਤੂ ਅਤੇ ਲੜਾਈ-ਝਗੜੇ ਵਾਲੀਆਂ ਵੀਡੀਓਜ਼ ਦੇਖਣੀਆਂ ਅਤੇ ਸ਼ੇਅਰ ਕਰਨੀਆਂ ਬੰਦ ਕਰਨੀਆਂ ਪੈਣਗੀਆਂ। ਜਦੋਂ ਤੱਕ ਅਸੀਂ ਖ਼ੁਦ ਚੰਗੀਆਂ ਗੱਲਾਂ ਨੂੰ ਪਸੰਦ ਨਹੀਂ ਕਰਾਂਗੇ, ਉਦੋਂ ਤੱਕ ਇਹ ਗੰਦ ਇਵੇਂ ਹੀ ਵਿਕਦਾ ਰਹੇਗਾ।

# ਤੁਹਾਡੀ ਜਾਸੂਸੀ ਕਰ ਰਹੇ ਹਨ ਤੁਹਾਡੇ ਹੀ 'ਸਮਾਰਟ' ਯੰਤਰ ?

**ਚਾਨਣਦੀਪ ਸਿੰਘ ਔਲਖ**

ਸਮਾਰਟ ਡਿਵਾਈਸਾਂ ਇਕੱਠੀਆਂ ਕਰਨ ਤੋਂ ਪਹਿਲਾਂ ਖ਼ੁਦ ਸਮਾਰਟ ਬਣੋ। ਆਪਣੇ ਘਰ ਦੀ ਚਾਰਦੀਵਾਰੀ ਨੂੰ ਤਕਨੀਕ ਦੀ ਭੇਟ ਨਾ ਚੜ੍ਹਨ ਦਿਓ। ਅਜੋਕੇ ਡਿਜਿਟਲ ਯੁਗ ਵਿੱਚ ਸਾਡੀ ਜ਼ਿੰਦਗੀ ਤਕਨੀਕ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਗਈ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤਕ ਅਸੀਂ ਸਮਾਰਟ ਫੋਨ, ਸਮਾਰਟ ਟੀਵੀ, ਸਮਾਰਟ ਸਪੀਕਰ, ਸਮਾਰਟ ਵਾਚ ਅਤੇ ਇੱਥੋਂ ਤਕ ਕਿ ਸਮਾਰਟ ਬਲਬਾਂ ਅਤੇ ਫਰਿੱਜਾਂ ਨਾਲ ਘਿਰੇ ਹੋਏ ਹਾਂ। ਬਜ਼ਾਰ ਵਿੱਚ ਆਉਣ ਵਾਲਾ ਹਰ ਨਵਾਂ 'ਸਮਾਰਟ' ਯੰਤਰ ਸਾਡੇ ਜੀਵਨ ਨੂੰ ਹੋਰ ਅਸਾਨ ਅਤੇ ਆਧੁਨਿਕ ਬਣਾਉਣ ਦਾ ਦਾਅਵਾ ਕਰਦਾ ਹੈ। ਅਸੀਂ ਵੀ ਬਿਨਾਂ ਕੁਝ ਸੋਚੇ-ਸਮਝੇ ਇਨ੍ਹਾਂ ਮਸ਼ੀਨਾਂ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲੈਂਦੇ ਹਾਂ। ਪਰ ਇਸ ਸਹੂਲਤ ਦੀ ਆੜ ਵਿੱਚ ਅਸੀਂ ਅਕਸਰ ਇੱਕ ਬਹੁਤ ਹੀ ਮਹੱਤਵਪੂਰਨ ਪਹਿਲੂ ਨੂੰ ਅਣਗੌਲਿਆ ਕਰ ਦਿੰਦੇ ਹਾਂ, ਉਹ ਹੈ ਸਾਡੀ ਆਪਣੀ ਨਿੱਜਤਾ (Privacy) ਅਤੇ ਸੁਰੱਖਿਆ। ਅੱਜ ਦੇ ਸਮੇਂ ਵਿੱਚ ਵੱਡੀਆਂ ਤਕਨੀਕੀ ਕੰਪਨੀਆਂ ਮੁਫਤ ਜਾਂ ਸਸਤੀਆਂ ਸਹੂਲਤਾਂ ਦੇ ਕੇ ਸਾਡਾ ਨਿੱਜੀ ਡਾਟਾ ਇਕੱਠਾ ਕਰਦੀਆਂ ਹਨ। ਤੁਹਾਡੀ ਸਮਾਰਟ ਵਾਚ ਨੂੰ ਪਤਾ ਹੈ ਕਿ ਤੁਸੀਂ ਕਦੋਂ ਸੌਂਦੇ ਹੋ ਅਤੇ ਤੁਹਾਡੇ ਦਿਲ ਦੀ ਧੜਕਣ ਕਿੰਨੀ ਰਹਿੰਦੀ ਹੈ। ਤੁਹਾਡਾ ਸਮਾਰਟ ਟੀਵੀ ਜਾਣਦਾ ਹੈ ਕਿ ਤੁਸੀਂ ਕੀ ਦੇਖਣਾ ਪਸੰਦ ਕਰਦੇ ਹੋ। ਤੁਹਾਡਾ ਸਮਾਰਟ ਫਰਿੱਜ ਤੁਹਾਡੀਆਂ ਖਾਣ-ਪੀਣ ਦੀਆਂ ਆਦਤਾਂ ਦਾ ਰਿਕਾਰਡ ਰੱਖ ਸਕਦਾ ਹੈ। ਇਹ ਸਾਰਾ ਡਾਟਾ ਇਕੱਠਾ ਕਰਕੇ ਇਸ਼ਤਿਹਾਰਬਾਜ਼ੀ (Advertising) ਵਾਲੀਆਂ ਕੰਪਨੀਆਂ ਨੂੰ ਵੇਚਿਆ ਜਾਂਦਾ ਹੈ ਤਾਂ ਜੋ ਤੁਹਾਨੂੰ ਤੁਹਾਡੀ ਪਸੰਦ ਦੇ ਇਸ਼ਤਿਹਾਰ ਦਿਖਾ ਕੇ ਮੁਨਾਫ਼ਾ ਕਮਾਇਆ ਜਾ ਸਕੇ। ਇਸ ਤਰ੍ਹਾਂ ਤੁਸੀਂ ਸਿਰਫ ਇੱਕ ਗਾਹਕ ਨਹੀਂ ਰਹਿੰਦੇ, ਸਗੋਂ ਖ਼ੁਦ ਇੱਕ 'ਪ੍ਰੋਡਕਟ' ਬਣ ਜਾਂਦੇ ਹੋ।

ਅੱਜਕੱਲ੍ਹ ਲੋਕ ਆਪਣੇ ਘਰਾਂ ਨੂੰ ਆਧੁਨਿਕ ਦਿਖਾਉਣ ਦੀ ਹੋੜ ਵਿੱਚ ਸਮਾਰਟ ਡਿਵਾਈਸਿਸ ਦੇ ਢੇਰ ਲਾ ਰਹੇ ਹਨ। ਪਰ ਇਹ ਸਮਝਣਾ ਜ਼ਰੂਰੀ ਹੈ ਕਿ ਇੰਟਰਨੈੱਟ ਨਾਲ ਜੁੜਿਆ ਹਰ ਯੰਤਰ ਇੱਕ ਖਿੜਕੀ ਦੀ ਤਰ੍ਹਾਂ ਹੈ, ਜਿਸ ਰਾਹੀਂ ਹੈਕਰ ਜਾਂ ਕੰਪਨੀਆਂ ਤੁਹਾਡੇ ਘਰ ਦੇ ਅੰਦਰ ਝਾਤੀ ਮਾਰ ਸਕਦੀਆਂ ਹਨ। ਤੁਹਾਡੇ ਬੈੱਡਰੂਮ ਜਾਂ ਡਰਾਇੰਗ ਰੂਮ ਵਿੱਚ ਰੱਖਿਆ ਸਮਾਰਟ ਸਪੀਕਰ ਹਰ ਵੇਲੇ ਤੁਹਾਡੀਆਂ ਗੱਲਾਂ ਸੁਣ ਸਕਦਾ ਹੈ। ਇਸੇ ਤਰ੍ਹਾਂ, ਘਰ ਦੀ ਸੁਰੱਖਿਆ ਲਈ ਲਾਏ ਗਏ ਸਮਾਰਟ ਕੈਮਰੇ ਦੀ ਹੈਕਿੰਗ ਤੁਹਾਨੂੰ ਆਪਣੇ ਹੀ ਘਰ ਵਿੱਚ ਅਸੁਰੱਖਿਅਤ ਕਰ ਸਕਦੀ ਹੈ। ਅੱਜ-ਕੱਲ੍ਹ ਬੱਚਿਆਂ ਦੇ ਖੇਡਣ ਵਾਲੇ ਸਮਾਰਟ ਖਿਡੌਣੇ ਵੀ ਅਕਸਰ ਇੰਟਰਨੈੱਟ, ਕੈਮਰੇ ਅਤੇ ਮਾਈਕ੍ਰੋਫੋਨ ਨਾਲ ਆਉਂਦੇ ਹਨ ਜੋ ਕਿ ਸਾਡੀ ਨਵੀਂ ਪੀੜ੍ਹੀ ਦੀ ਨਿੱਜਤਾ ਲਈ ਵੀ ਵੱਡਾ ਖਤਰਾ ਬਣ ਸਕਦੇ ਹਨ।

**ਬਚਾ ਦੇ ਤਰੀਕੇ**

ਤਕਨੀਕ ਕੋਈ ਮਾੜੀ ਚੀਜ਼ ਨਹੀਂ ਹੈ, ਬਸ਼ਰਤੇ ਇਸਦੀ ਵਰਤੋਂ ਸਹੀ ਢੰਗ ਅਤੇ ਪੂਰੀ ਜਾਗਰੂਕਤਾ ਨਾਲ ਕੀਤੀ ਜਾਵੇ। ਇਨ੍ਹਾਂ ਡਿਵਾਈਸਿਸ ਨੂੰ ਇਕੱਠਾ ਕਰਨ ਤੋਂ ਪਹਿਲਾਂ ਸਾਨੂੰ ਖ਼ੁਦ ਸਮਾਰਟ ਬਣਨ ਦੀ ਲੋੜ ਹੈ। ਕਿਸੇ ਵੀ ਸਮਾਰਟ ਯੰਤਰ ਨੂੰ ਖਰੀਦਣ ਅਤੇ ਉਸਨੂੰ ਆਪਣੇ ਘਰ ਦੇ ਵਾਈ-ਫਾਈ (Wi-Fi) ਨਾਲ ਜੋੜਨ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ:

ਸੁਰੱਖਿਆ ਪ੍ਰਣਾਲੀ ਦੀ ਜਾਂਚ: ਡਿਵਾਈਸ ਖਰੀਦਣ ਤੋਂ ਪਹਿਲਾਂ ਉਸਦੀ ਸੁਰੱਖਿਆ ਪ੍ਰਣਾਲੀ (Security System) ਬਾਰੇ ਪੂਰੀ ਜਾਣਕਾਰੀ ਲਓ। ਸਸਤੇ ਅਤੇ ਅਣਜਾਣ ਬ੍ਰਾਂਡਾਂ ਦੀ ਬਜਾਏ ਭਰੋਸੇਮੰਦ ਕੰਪਨੀਆਂ ਦੇ ਉਤਪਾਦ ਹੀ ਖਰੀਦੋ।

ਪਾਸਵਰਡ ਅਤੇ ਟੂ-ਫੈਕਟਰ ਆਥੈਂਟੀਕੇਸ਼ਨ: ਨਵੀਂ ਡਿਵਾਈਸ ਲਿਆਉਣ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਉਸਦਾ ਡਿਫਾਲਟ ਪਾਸਵਰਡ (Default Password) ਬਦਲਣਾ ਹੋਣਾ ਚਾਹੀਦਾ ਹੈ। ਹਮੇਸ਼ਾ ਇੱਕ ਮਜ਼ਬੂਤ ਪਾਸਵਰਡ ਰੱਖੋ ਅਤੇ ਜਿੱਥੇ ਸੰਭਵ ਹੋਵੇ, ਟੂ-ਫੈਕਟਰ ਆਥੈਂਟੀਕੇਸ਼ਨ ਦੀ ਵਰਤੋਂ ਜ਼ਰੂਰ ਕਰੋ।

ਵੱਖਰਾ ਨੈੱਟਵਰਕ (Guest Wi-Fi): ਆਪਣੇ ਸਮਾਰਟ ਘਰੇਲੂ ਯੰਤਰਾਂ ਨੂੰ ਆਪਣੇ ਮੁੱਖ ਵਾਈ-ਫਾਈ ਨੈੱਟਵਰਕ ਨਾਲ ਜੋੜਨ ਦੀ ਬਜਾਏ ਰਾਊਟਰ ਦੇ ਗੈਸਟ (Guest) ਨੈੱਟਵਰਕ 'ਤੇ ਰੱਖੋ। ਇਸ ਨਾਲ ਜੇਕਰ ਕੋਈ ਸਮਾਰਟ ਬਲਬ ਜਾਂ ਟੀਵੀ ਹੈਕ ਵੀ ਹੋ ਜਾਂਦਾ ਹੈ ਤਾਂ ਤੁਹਾਡਾ ਮੋਬਾਇਲ ਜਾਂ ਲੈਪਟਾਪ, ਜਿਸ ਵਿੱਚ ਤੁਹਾਡਾ ਬੈਂਕਿੰਗ ਅਤੇ ਹੋਰ ਨਿੱਜੀ ਡਾਟਾ ਹੈ, ਸੁਰੱਖਿਅਤ ਰਹੇਗਾ।

ਸੌਫਟਵੇਅਰ ਅਪਡੇਟ (Software Updates): ਸਮੇਂ-ਸਮੇਂ 'ਤੇ ਆਪਣੀਆਂ ਡਿਵਾਈਸਿਸ ਦੇ ਸਾਫਟਵੇਅਰ ਅਪਡੇਟ ਕਰਦੇ ਰਹੋ। ਕੰਪਨੀਆਂ ਇਹ ਅਪਡੇਟਸ ਸੁਰੱਖਿਆ ਖਾਮੀਆਂ ਨੂੰ ਦੂਰ ਕਰਨ ਲਈ ਹੀ ਭੇਜਦੀਆਂ ਹਨ।

ਗੈਰ-ਜ਼ਰੂਰੀ ਇਜਾਜ਼ਤਾਂ (Permissions) ਬੰਦ ਕਰੋ: ਮੋਬਾਇਲ ਵਿੱਚ ਕੋਈ ਵੀ ਐਪ ਇੰਸਟਾਲ ਕਰਨ ਵੇਲੇ ਸ਼ਰਤਾਂ ਜ਼ਰੂਰ ਪੜ੍ਹੋ। ਜੇਕਰ ਕਿਸੇ ਐਪ ਨੂੰ ਕੈਮਰੇ, ਲੋਕੇਸ਼ਨ ਜਾਂ ਮਾਈਕ੍ਰੋਫੋਨ ਦੀ ਲੋੜ ਨਹੀਂ ਹੈ ਤਾਂ ਉਸਦੀ ਐਕਸੈੱਸ ਤੁਰੰਤ ਬੰਦ ਕਰ ਦਿਓ। ਜਦੋਂ ਲੋੜ ਨਾ ਹੋਵੇ ਤਾਂ ਡਿਵਾਈਸਿਸ ਨੂੰ ਬੰਦ ਰੱਖਣ ਦੀ ਆਦਤ ਪਾਓ।

ਸਹੂਲਤਾਂ ਦੇ ਨਾਮ 'ਤੇ ਅਸੀਂ ਹੌਲੀ-ਹੌਲੀ ਆਪਣਾ ਕੰਟਰੋਲ ਮਸ਼ੀਨਾਂ ਦੇ ਹੱਥਾਂ ਵਿੱਚ ਦੇ ਰਹੇ ਹਾਂ। ਇਹ ਮਸ਼ੀਨਾਂ ਸਾਡੇ ਰਹਿਣ-ਸਹਿਣ, ਸੋਚਣ ਦੇ ਤਰੀਕੇ ਅਤੇ ਆਦਤਾਂ ਨੂੰ ਬਦਲ ਰਹੀਆਂ ਹਨ। ਤਕਨੀਕ ਦੀ ਵਰਤੋਂ ਜ਼ਰੂਰ ਕਰੋ ਪਰ ਪੂਰੀ ਸਾਵਧਾਨੀ ਅਤੇ ਹੁਸ਼ਿਆਰੀ ਨਾਲ। ਕੋਈ ਵੀ ਮਸ਼ੀਨ ਜਾਂ ਡਿਵਾਈਸ ਤੁਹਾਡੀ ਨਿੱਜੀ ਜ਼ਿੰਦਗੀ ਅਤੇ ਮਾਨਸਿਕ ਸ਼ਾਂਤੀ ਤੋਂ ਵੱਧ ਕੀਮਤੀ ਨਹੀਂ ਹੋ ਸਕਦੀ। ਯਾਦ ਰੱਖੋ, ਤੁਹਾਡੇ ਘਰ ਦੀ ਚਾਰਦੀਵਾਰੀ ਤੁਹਾਡੀ ਨਿੱਜਤਾ ਦਾ ਆਖਰੀ ਕਿਲ੍ਹਾ ਹੈ, ਇਸਨੂੰ ਤਕਨੀਕ ਅਤੇ ਕੰਪਨੀਆਂ ਦੇ ਮੁਨਾਫੇ ਦੀ ਭੇਟ ਨਾ ਚੜ੍ਹਨ ਦਿਓ। ਜਾਗਰੂਕ ਰਹੋ, ਸੁਰੱਖਿਅਤ ਰਹੋ।









# ਗੁਰਦੁਆਰਾ ਸਾਹਿਬ ਸਰੀ ਨਾਲ ਜੁੜਿਆ ਵਲੰਟੀਅਰ ਹਰਜਿੰਦਰ ਸਿੰਘ ਢੰਡਵਾੜ ਗੋਲੀਬਾਰੀ ਵਿੱਚ ਆਪਣੀ ਚੌਕਸੀ ਨਾਲ ਬਚਿਆ

ਸਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਵੀਕਐਂਡ 'ਤੇ ਸਰੀ ਦੀ 145 ਸਟਰੀਟ ਅਤੇ 76 ਐਵੇਨਿਊ ਲਾਗੇ ਚੱਲੀ ਗੋਲੀ ਵਿੱਚ ਜ਼ਖਮੀ ਹੋਣ ਵਾਲਾ ਵਿਅਕਤੀ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਨਾਲ ਜੁੜਿਆ ਇੱਕ ਸਰਗਰਮ ਵਲੰਟੀਅਰ ਹਰਜਿੰਦਰ ਸਿੰਘ ਢੰਡਵਾੜ ਹੈ। ਵਾਰਦਾਤ ਵਾਲੀ ਰਾਤ ਵੀ ਉਹ ਗੁਰਦੁਆਰਾ ਸਾਹਿਬ ਤੋਂ ਦੇਰ ਰਾਤ ਘਰ ਪੁੱਜਾ ਸੀ ਕਿ ਉਸਦੇ ਘਰ ਦੇ ਬਾਹਰ ਉਸਦੀ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ। ਗੋਲੀਆਂ ਉਸਦੇ ਲੱਗੀਆਂ ਤਾਂ ਜ਼ਰੂਰ ਪਰ ਗੱਡੀ ਦੀ ਬਣਤਰ ਉੱਚੀ ਹੋਣ ਕਾਰਨ ਥਾਂ ਕੁ ਥਾਂ ਲੱਗਣੋਂ ਬਚਾਅ ਹੋ ਗਿਆ। ਹਮਲਾਵਰਾਂ ਦੀ ਗਿਣਤੀ ਤਿੰਨ ਦੇ ਕਰੀਬ ਦੱਸੀ ਜਾ ਰਹੀ ਹੈ। ਉਹ ਦੋ ਗੱਡੀਆਂ 'ਚ ਆਏ ਦੱਸੇ ਗਏ ਹਨ। ਢੰਡਵਾੜ ਵੱਲੋਂ ਮੌਕੇ 'ਤੇ ਸਾਵਧਾਨੀ ਵਰਤ ਜਾਣ ਅਤੇ ਗੱਡੀ ਦਾ ਹੌਰਨ ਬਜਾਉਣ ਕਾਰਨ ਹਮਲਾਵਰ ਮੌਕੇ ਤੋਂ ਦੌੜ ਗਏ ਤੇ ਫਿਰ ਉਨ੍ਹਾਂ 'ਚੋਂ ਇੱਕ ਜਣਾ ਇਲਾਕੇ 'ਚ ਗਸ਼ਤ ਕਰ ਰਹੀ ਪੁਲਿਸ ਨੇ ਕੁੱਝ ਦੇਰ ਬਾਅਦ ਗ੍ਰਿਫਤਾਰ ਵੀ ਕਰ ਲਿਆ। ਗ੍ਰਿਫਤਾਰ ਹੋਏ ਵਿਅਕਤੀ ਤੋਂ ਹਮਲੇ ਦੇ ਮਕਸਦ ਬਾਰੇ ਵੱਧ ਪਤਾ ਲੱਗ ਸਕਦਾ ਹੈ। ਹਾਲੇ ਪੁਲਿਸ ਨੇ ਉਕਤ ਫੜੇ ਗਏ ਵਿਅਕਤੀ ਦਾ ਨਾਂ ਨਹੀਂ ਦੱਸਿਆ ਅਤੇ ਨਾ ਹੀ ਖ਼ਬਰ ਲਿਖਣ ਵੇਲੇ ਤੱਕ ਕੋਈ ਚਾਰਜ ਉਸ ਉੱਪਰ ਲਗਾਏ ਜਾਣ ਦੀ ਖ਼ਬਰ ਪੁਲਿਸ ਵੱਲੋਂ ਆਈ ਹੈ।





















# ਕੈਨੇਡਾ ਦਾ 'ਰਾਣੀ ਸ਼ਹਿਰ'- ਰੀਜ਼ਾਇਨਾ



ਜਗਜੀਤ ਸਿੰਘ ਲੋਹਟਬੱਦੀ
89684-33500

ਰੀਜ਼ਾਇਨਾ ਖ਼ੂਬਸੂਰਤੀ ਦਾ ਪ੍ਰਤੀਕ ਐ...ਕਾਦਰ ਦੀ ਕੁਦਰਤ ਦਾ ਜਲਵਾ। ਐਵੇਂ ਨੀ ਰਾਣੀ ਸ਼ਹਿਰ ਕਹਾਉਂਦਾ! ਕੈਨੇਡਾ ਦੇ ਸੂਬੇ ਸਸਕੈਚਵਨ ਦੀ ਰਾਜਧਾਨੀ ਆਪਣੇ ਅੰਦਰ ਇਤਿਹਾਸ ਸਮੋਈ ਬੈਠੀ ਐ...ਮਿੱਠੀਆਂ ਤੇ ਕੌੜੀਆਂ ਯਾਦਾਂ ਦਾ। ਦੇਸ਼ ਦੇ ਦੱਖਣ ਪੱਛਮ ਖੇਤਰ ਵਿੱਚ ਵੱਸਿਆ ਇਹ ਸ਼ਹਿਰ, ਬਹੁ-ਭਾਂਤੀ ਸੱਭਿਅਤਾ ਦਾ ਕੇਂਦਰ ਬਿੰਦੂ ਹੈ। ਦੁਨੀਆਂ ਦੇ ਕੋਨੇ ਕੋਨੇ ਤੋਂ ਆਏ ਪਰਵਾਸੀ ਅੱਡਰੀਆਂ ਕੌਮੀਅਤਾਂ ਦਾ ਰੰਗ ਬਰੰਗਾ ਗੁਲਦਸਤਾ ਪ੍ਰਤੀਤ ਹੁੰਦੇ ਨੇ। ਝੀਲਾਂ ਅਤੇ ਸੁੰਦਰ ਪਾਰਕਾਂ ਨਾਲ ਫ਼ਬੇ ਇਸ ਸ਼ਹਿਰ ਨੂੰ ਵਿਰਾਸਤੀ ਦਰਜਾ ਹਾਸਲ ਐ। ਮੁਲਕ ਦੇ ਸਭ ਤੋਂ ਤੇਜ਼ੀ ਨਾਲ ਪ੍ਰਫੁਲਿਤ ਹੋ ਰਹੇ ਸ਼ਹਿਰਾਂ ਵਿੱਚ ਸ਼ੁਮਾਰ ਹੈ ਰੀਜਾਇਨਾ...ਮੱਧ ਆਕਾਰੀ ਸ਼ਹਿਰਾਂ ਵਿੱਚੋਂ ਵਸੇਬਾ ਕਰਨ ਲਈ ਵਿਲੱਖਣ ਥਾਂ। ਕੈਨੇਡਾ ਦੇ 415 ਸ਼ਹਿਰਾਂ ਦੀ ਸੂਚੀ ਵਿੱਚੋਂ ਸੁਖੀ ਰੈਣ ਬਸੇਰੇ ਲਈ ਉੱਪਰਲੇ 100 ਸ਼ਹਿਰਾਂ ਵਿੱਚ ਨਾਂ ਦਰਜ ਹੈ ਇਸ ਨਗਰ ਦਾ।

ਕੈਨੇਡਾ ਦੀ ਸਰਜ਼ਮੀਨ ਨੂੰ ਕੁਦਰਤ ਨੇ ਗ਼ਜ਼ਬ ਦਾ ਸੁਹੱਪਣ ਬਖ਼ਸ਼ਿਐ ਤੇ ਕੈਨੇਡੀਅਨਾਂ ਨੇ ਵੀ ਪ੍ਰਕਿਰਤੀ ਦੇ ਇਸ ਕ੍ਰਿਸ਼ਮੇ ਨੂੰ 'ਬਲਿਹਾਰੀ ਕੁਦਰਤਿ ਵਸਿਆ' ਅਨੁਸਾਰ ਸੰਭਾਲ਼ਿਆ ਅਤੇ ਹੋਰ ਸੁੰਦਰ ਬਣਾਇਐ। ਪੌਣ-ਪਾਣੀ, ਚੌਗਿਰਦਾ ਸ੍ਰਿਸ਼ਟੀ ਦੇ ਰੰਗ 'ਚ ਰੰਗਿਆ ਨਜ਼ਰ ਆਉਂਦੈ...ਪੂਰੀ ਤਰਾਂ ਪ੍ਰਦੂਸ਼ਣ-ਮੁਕਤ। ਚੌਤਰਫ਼ਾ ਹਰਿਆਵਲ, ਦੂਰ ਤੱਕ ਨਜ਼ਰੀਂ ਪੈਂਦਾ ਖੁੱਲ੍ਹਾ ਅਸਮਾਨ, ਨੀਲੀ ਭਾ ਮਾਰਦਾ ਜਲ, ਕੁਦਰਤ ਨਾਲ ਇੱਕ-ਮਿੱਕ ਹੋਏ ਦਿਖਾਈ ਦਿੰਦੇ ਨੇ। ਰੀਜਾਇਨਾ ਵੀ ਇਸ ਸਾਰੇ ਕੁੱਝ ਤੋਂ ਬਿਗਾਨਾ ਨਹੀਂ। ਝੂਮਦੇ ਪੇੜ ਪੌਦੇ, ਵਸਕਾਨਾ ਝੀਲ, ਛੋਟੀਆਂ ਛੋਟੀਆਂ ਨਹਿਰਾਂ, ਜੀਵ ਜੰਤੂਆਂ ਦੀਆਂ ਸੁਰੱਖਿਅਤ ਰੱਖਾਂ, ਪੰਛੀਆਂ ਦੀਆਂ ਸੰਗੀਤਕ ਆਵਾਜ਼ਾਂ ਮਨ ਮੋਹ ਲੈਂਦੀਆਂ ਹਨ। ਖ਼ੂਬਸੂਰਤ ਤਰਾਸ਼ੇ ਹੋਏ ਘਾਹ ਦੇ ਮੈਦਾਨ, ਸੈਰਗਾਹਾਂ, ਪੈਦਲ-ਪਥ ਸ਼ਹਿਰ ਨੂੰ ਅਮੀਰੀ ਦਿੱਖ ਪ੍ਰਦਾਨ ਕਰਦੇ ਨੇ। ਖੁੱਲ੍ਹੀਆਂ ਸੜਕਾਂ, ਆਵਾਜਾਈ ਦੇ ਸੁਖਦ ਸਾਧਨ ਅਤੇ ਤਰਤੀਬਵਾਰ ਘਰ ਤੇ ਸ਼ਾਪਿੰਗ ਸੈਂਟਰ ਸੱਭਿਆ ਮੁਲਕ ਹੋਣ ਦੇ ਗਵਾਹ ਨੇ। ਇਉਂ ਲੱਗਦੈ, ਜਿਵੇਂ ਧਰਤੀ ਤੇ ਜੰਨਤ ਦਾ ਟੁਕੜਾ ਵਸਿਆ ਹੋਵੇ।

ਰੀਜਾਇਨਾ ਦਾ ਮੁਢਲਾ ਨਾਂ ਵਸਕਾਨਾ (ਹੱਡੀਆਂ ਦਾ ਢੇਰ) ਸੀ, ਕਿਉਂਕਿ ਇੱਥੇ ਸ਼ਿਕਾਰੀਆਂ ਦਾ ਬੋਲਬਾਲਾ ਹੁੰਦਾ ਸੀ। ਉਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਡੋਮੀਨੀਅਨ ਲੈਂਡਜ ਐਕਟ ਬਣਨ ਨਾਲ ਇਸ ਸਥਾਨ ਦੀ ਵੱਸੋਂ ਦਾ ਮੁੱਢ ਬੰਨ੍ਹਿਆ ਗਿਆ। ਆਬਾਦਕਾਰਾਂ ਨੂੰ ਵਸਾਉਣ ਲਈ ਸਸਤੇ ਮੁੱਲ-160 ਏਕੜ ਜ਼ਮੀਨ 10 ਡਾਲਰ ਵਿੱਚ-ਵੇਚੀ ਗਈ। ਵਸਕਾਨਾ, ਉੱਤਰ-ਪੱਛਮ ਪ੍ਰਦੇਸ਼ਾਂ ਦੀ ਸਰਕਾਰ ਦਾ ਕੇਂਦਰ ਬਣ ਗਿਆ, ਜਿਸ ਵਿੱਚ ਅਜੋਕੇ ਸਸਕੈਚਵਨ ਅਤੇ ਅਲਬਰਟਾ ਪ੍ਰਾਂਤ ਅਤੇ ਐਸਨੀਬੋਆ ਜ਼ਿਲ੍ਹਾ ਸ਼ਾਮਲ ਸਨ। ਰੀਜਾਇਨਾ ਦਾ ਜਨਮ 1882 ਈ. ਵਿੱਚ ਹੋਇਆ। ਰਾਜਕੁਮਾਰੀ ਲੂਈਸ-ਜੋ ਉਸ ਸਮੇਂ ਦੇ ਕੈਨੇਡਾ ਦੇ ਗਵਰਨਰ ਜਨਰਲ ਦੀ ਪਤਨੀ ਸੀ-ਨੇ ਸ਼ਹਿਰ ਦਾ ਨਾਮ ਰੀਜਾਇਨਾ (ਲਾਤੀਨੀ ਭਾਸ਼ਾ ਵਿੱਚ ਮਹਾਰਾਣੀ) ਰੱਖਿਆ, ਜੋ ਉਸਨੇ ਆਪਣੀ ਮਾਂ ਮਹਾਰਾਣੀ ਵਿਕਟੋਰੀਆ ਦੇ ਸਨਮਾਨ ਵਿੱਚ ਚੁਣਿਆ ਸੀ। ਪੁਰਾਣੇ ਸਮਿਆਂ ਵਿੱਚ ਇਹ ਨਾਂ ਦੂਸਰੀ ਸਦੀ ਦੇ ਇੱਕ ਇਸਾਈ ਸੰਤ ਦੇ ਨਾਮ ਤੇ ਪ੍ਰਚੱਲਿਤ ਸੀ। ਮੱਧ-ਕਾਲੀਨ ਯੁਗ ਵਿੱਚ ਇੰਗਲੈਂਡ ਵਿੱਚ ਇਸ ਨਾਂ ਨੂੰ 'ਮਦਰ ਮੇਰੀ' ਦੇ ਸਤਿਕਾਰ ਵਜੋਂ ਲਿਆ ਜਾਂਦਾ ਸੀ ਅਤੇ ਉਨੀਵੀਂ ਸਦੀ ਵਿੱਚ ਰੀਜਾਇਨਾ ਨਾਂ ਦੀ ਮਹੱਤਤਾ ਫਿਰ ਉਜਾਗਰ ਹੋ ਗਈ। ਇਸ ਸਮੇਂ ਲਿਓਪੋਲਡ (ਮਹਾਰਾਣੀ ਦੇ ਪੁੱਤਰ ਦਾ ਨਾਂ) ਅਤੇ ਐਸਨੀਬੋਆ (ਮੂਲ ਨਿਵਾਸੀ ਲੋਕ) ਨਾਲ਼ੋਂ 'ਰੀਜਾਇਨਾ' ਨਾਂ ਰੱਖਣ ਨੂੰ ਤਰਜੀਹ ਦਿੱਤੀ ਗਈ। ਅਗਲੇ ਹੀ ਸਾਲ ਐਡਗਰ ਡਿਊਨੀ, ਲੈਫਟੀਨੈਂਟ ਗਵਰਨਰ ਦੇ ਆਦੇਸ਼ਾਂ ਤਹਿਤ ਬੈਟਲਫੋਰਡ ਦੀ ਜਗ੍ਹਾ ਰੀਜਾਇਨਾ ਨੂੰ ਉੱਤਰ-ਪੱਛਮੀ ਪ੍ਰਦੇਸ਼ਾਂ ਦੀ ਰਾਜਧਾਨੀ ਬਣਾ ਦਿੱਤਾ ਗਿਆ। ਵੀਹ ਸਾਲ ਬਾਅਦ 19 ਜੂਨ 1903 ਨੂੰ ਰੀਜਾਇਨਾ ਨੂੰ ਪੂਰੇ ਸ਼ਹਿਰ ਦਾ ਦਰਜਾ ਹਾਸਲ ਹੋਇਆ। 1905 ਈ. ਨੂੰ ਸਸਕੈਚਵਨ ਸੂਬੇ ਦੇ ਹੋਂਦ ਵਿੱਚ ਆਉਣ ਨਾਲ, 23 ਮਈ 1906 ਨੂੰ ਰੀਜਾਇਨਾ ਨੂੰ ਇਸਦੀ ਰਾਜਧਾਨੀ ਐਲਾਨ ਦਿੱਤਾ ਗਿਆ।

ਰੀਜਾਇਨਾ ਬਹੁਤ ਵਿਸ਼ਾਲ ਅਤੇ ਸਮਤਲ ਧਰਤੀ ਤੇ ਵਸਿਆ ਕੈਨੇਡਾ ਦਾ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸ਼ਹਿਰ ਹੈ। ਦੁਨੀਆਂ ਦੇ ਨਕਸ਼ੇ ਤੇ ਅੰਕਿਤ ਇਸ ਸ਼ਹਿਰ ਵਿੱਚ ਵਿਸ਼ਵ ਪ੍ਰਸਿੱਧ ਇਮਾਰਤਾਂ ਅਤੇ ਸੰਸਥਾਵਾਂ ਹਨ। ਉੱਚੇ ਗੁੰਬਦ ਵਾਲੀ ਪਾਰਲੀਮੈਂਟ ਬਿਲਡਿੰਗ ਦੀ ਇਮਾਰਤਸ਼ਾਜੀ ਦੀ ਖ਼ੂਬਸੂਰਤੀ ਦੇਖਿਆਂ ਹੀ ਬਣਦੀ ਹੈ। ਸਾਹਮਣੇ ਲਾਅਨ ਵਿੱਚ ਸੈਂਕੜੇ ਤਰਾਂ ਦੇ ਫੁੱਲ ਕੁਦਰਤੀ ਸੁਹੱਪਣ ਦਾ ਦਿਲ ਖਿੱਚਵਾਂ ਨਜ਼ਾਰਾ ਪੇਸ਼ ਕਰਦੇ ਹਨ। ਵਪਾਰਕ ਸਥਾਨ-ਜਿਸਨੂੰ ਡਾਊਨ ਟਾਊਨ ਕਿਹਾ ਜਾਂਦੈ-ਤੋਂ ਇਸ ਇਮਾਰਤ ਦਾ ਵਿਊ ਦੇਖਿਆ ਜਾ ਸਕਦਾ ਹੈ। ਕਾਨੂੰਨ ਦੀ ਖ਼ਾਸੀਅਤ ਹੈ ਕਿ ਕਿ ਸ਼ਹਿਰ ਵਿੱਚ ਬਣਨ ਵਾਲੀ ਕੋਈ ਵੀ ਬਿਲਡਿੰਗ ਇਸ ਝਲਕ ਨੂੰ ਨਹੀਂ ਰੋਕ ਸਕਦੀ। 180 ਵਰਗ ਕਿਲੋਮੀਟਰ ਵਿੱਚ ਫੈਲੇ ਇਸ ਸ਼ਹਿਰ ਵਿੱਚ ਕਈ ਯਾਦਗਾਰੀ ਸਮਾਰਕ ਹਨ, ਜਿੱਥੇ ਸੱਭਿਆਚਾਰ ਅਤੇ ਸੰਸਕ੍ਰਿਤੀ ਦੀਆਂ ਬੇਮਿਸਾਲ ਕਲਾ ਕ੍ਰਿਤਾਂ ਸਾਂਭੀਆਂ ਹੋਈਆਂ ਹਨ। ਵਸਕਾਨਾ ਸੈਂਟਰ ਵਿੱਚ ਬਣੇ ਰੋਇਲ ਸਸਕਾਚਵਨ ਮਿਊਜ਼ਿਅਮ ਵਿੱਚ ਮੂਲ ਆਦਿ-ਵਾਸੀ ਲੋਕਾਂ ਦੇ ਜੀਵਨ ਦੀਆਂ ਅਦਭੁਤ ਯਾਦਾਂ ਚਕਾਚੌਂਧ ਕਰ ਦਿੰਦੀਆਂ ਹਨ। 1953 ਵਿੱਚ ਬਣੀ ਮਕੰਨਜ਼ੀ ਆਰਟ ਗੈਲਰੀ ਕਲਾ ਦਾ ਬੇਜੋੜ ਨਮੂਨਾ ਪੇਸ਼ ਕਰਦੀ ਹੈ। ਇੱਥੇ ਸਥਾਨਕ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਦੀਆਂ ਕਲਾਵਾਂ ਸਾਲਾਂ ਬੱਧੀ ਸਾਂਭੀਆਂ ਪਈਆਂ ਹਨ, ਜੋ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਇੱਕ ਵਿਲੱਖਣ ਸੌਗਾਤ ਹੋਵੇਗੀ। ਰੋਇਲ ਕੈਨੇਡੀਅਨ ਮਾਊਂਟਡ ਪੁਲੀਸ ਹੈਰੀਟੇਜ ਸੈਂਟਰ ਇਤਿਹਾਸ ਨੂੰ ਯਾਦ ਰੱਖਣ ਦਾ ਇੱਕ ਹੋਰ ਸੁੰਦਰ ਯਤਨ ਹੈ। ਉੱਤਰ-ਪੱਛਮੀ ਪੁਲੀਸ ਦਾ ਹੈਡਕੁਆਟਰ 1885 ਈ. ਦੀ ਬਣੀ ਇਮਾਰਤ ਵਿੱਚ ਕਾਰਜਰਤ ਹੈ, ਜਿੱਥੇ ਹਿੰਦੁਸਤਾਨੀ ਕੈਦੀਆਂ ਨੂੰ ਰੱਖਿਆ ਜਾਂਦਾ ਸੀ।

ਸਦੀ ਪੁਰਾਣੀ ਵਿਸ਼ਵ ਵਿਖਿਆਤ ਯੂਨੀਵਰਸਿਟੀ ਆਫ ਰੀਜਾਇਨਾ ਅਤੇ ਫ਼ਸਟ ਨੇਸਨਜ਼ ਯੂਨੀਵਰਸਿਟੀ ਆਫ ਕੈਨੇਡਾ ਉੱਚ ਮਿਆਰੀ ਵਿੱਦਿਆ ਦੇ ਕੇਂਦਰ ਹਨ, ਜਿੱਥੇ ਭਾਰਤ ਸਮੇਤ ਦੁਨੀਆਂ ਭਰ ਤੋਂ ਸੈਂਕੜੇ ਸਿਖਿਆਰਥੀ ਵਿੱਦਿਆ ਗ੍ਰਹਿਣ ਕਰਨ ਨੂੰ ਮਾਣ ਸਮਝਦੇ ਹਨ। ਇੱਥੋਂ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਘਰੇਲੂ ਅਤੇ ਵਿਦੇਸ਼ੀ ਹਵਾਈ ਸੇਵਾਵਾਂ ਲਈ ਜਾਣਿਆ ਜਾਂਦਾ ਹੈ। ਸਸਕੈਚਵਨ ਸੂਬੇ ਦੀਆਂ ਹੱਦਾਂ, ਅਮਰੀਕਾ ਦੇ ਮੌਨਟਾਨਾ ਅਤੇ ਨਾਰਥ ਡਕੋਟਾ ਨੂੰ ਛੂੰਹਦੀਆਂ ਹਨ। 1912 ਈ. ਦੇ ਰੀਜਾਇਨਾ ਚੱਕਰਵਾਤ ਵਿੱਚ ਇਹ ਸ਼ਹਿਰ ਤਬਾਹੀ ਦੇ ਕੰਢੇ ਪਹੁੰਚ ਗਿਆ ਸੀ। ਪਰ ਇਸਨੇ ਫਿਰ ਤੋਂ ਦੁਨੀਆਂ ਦੇ ਨਕਸ਼ੇ ਤੇ ਆਪਣੀ ਹਾਜ਼ਰੀ ਲਗਵਾਈ। ਅਤੀਤ ਨੂੰ ਭੁੱਲ ਕੇ ਵਿਸ਼ਵ ਨੂੰ ਮੰਤਰਮੁਗਧ ਕੀਤਾ ਹੈ। 1885 ਈ. ਵਿੱਚ ਇੱਕ ਅਜਿਹੀ ਘਟਨਾ ਵਾਪਰੀ, ਜਿਸਨੇ ਰੀਜਾਇਨਾ ਨੂੰ ਪੂਰੇ ਕੈਨੇਡਾ ਵਿੱਚ ਸੁਰਖ਼ੀਆਂ ਵਿੱਚ ਲੈ ਆਂਦਾ। ਇਹ ਹਾਦਸਾ 'ਉੱਤਰ ਪੱਛਮੀ ਵਿਦਰੋਹ' ਸੀ, ਜਿਸ ਵਿੱਚ ਲੁਈਸ ਰੀਲ ਦੀ ਅਗਵਾਈ ਵਿੱਚ ਮੇਤੀ ਕਬੀਲੇ ਅਤੇ ਮੂਲ ਆਦਿ-ਵਾਸੀਆਂ ਨੇ ਕੈਨੇਡਾ ਸਰਕਾਰ ਵਿਰੁੱਧ ਬਗ਼ਾਵਤ ਦਾ ਝੰਡਾ ਚੁੱਕਿਆ। ਉਨ੍ਹਾਂ ਦਾ ਮੱਤ ਸੀ ਕਿ ਕੈਨੇਡਾ ਉਨ੍ਹਾਂ ਦੀ ਭਿੰਨਤਾ, ਵਿਸ਼ੇਸ਼ ਅਧਿਕਾਰ ਅਤੇ ਜਲ ਜ਼ਮੀਨ ਨੂੰ ਬਚਾਉਣ ਦੀ ਬਜਾਏ ਇਸ ਦਾ ਉਲ਼ੰਘਣ ਕਰ ਰਿਹਾ ਹੈ। ਇਹ ਉਨ੍ਹਾਂ ਲਈ ਜ਼ਿੰਦਗੀ ਮੌਤ ਦੀ ਲੜਾਈ ਸੀ। ਸਰਕਾਰੀ ਦਸਤਿਆਂ ਵੱਲੋਂ ਰੀਲ ਨੂੰ ਹਰਾਉਣ ਤੋਂ ਬਾਅਦ, ਇਸ ਸ਼ਹਿਰ ਵਿੱਚ ਲਿਆ ਕੇ ਉਸ ਉੱਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ ਤੇ ਉਸਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

ਰੀਜਾਇਨਾ ਨਾਲ ਇੱਕ ਹੋਰ ਇਤਿਹਾਸਕ ਘਟਨਾ ਵੀ ਜੁੜੀ ਹੋਈ ਹੈ। ਕੋਆਪਰੇਟਿਵ ਕਾਮਨਵੈਲਥ ਫੈਡਰੇਸ਼ਨ (ਸੀ ਸੀ ਐਫ), ਜੋ ਅਜੋਕੀ ਨਿਊ ਡੈਮੋਕਰੇਟਿਕ ਪਾਰਟੀ (ਐਨ ਡੀ ਪੀ) ਦੀ ਜਣਨੀ ਹੈ, ਨੇ ਇੱਥੇ 1933 ਵਿੱਚ ਰੀਜਾਇਨਾ ਮੈਨੀਫੈਸਟੋ ਜਾਰੀ ਕੀਤਾ ਸੀ, ਜਿਸ ਨਾਲ ਵੱਡੀਆਂ ਸਮਾਜਿਕ ਤਬਦੀਲੀਆਂ ਦਾ ਮੁੱਢ ਬੱਝਿਆ ਸੀ। ਸੀ ਸੀ ਐਫ ਖੱਬੇ ਪੱਖੀ ਵਿਚਾਰਾਂ ਦੀ ਧਾਰਨੀ ਵਾਲਾ ਸਮਾਜਵਾਦੀ, ਖੇਤੀ ਪੱਖੀ, ਸਹਿਕਾਰਤਾ ਅਤੇ ਮਜ਼ਦੂਰ ਜੱਥੇਬੰਦੀਆਂ ਦਾ ਸਮੂਹ ਸੀ। ਟੌਮੀ ਡਗਲਸ ਦੀ ਅਗਵਾਈ ਵਿੱਚ 1944 ਵਿੱਚ ਸਸਕੈਚਵਨ ਸੂਬੇ ਦੀ ਸਰਕਾਰ ਨੇ ਹੀ ਸਮੂਹਿਕ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਸੀ, ਜਿਸਨੂੰ ਪਿੱਛੋਂ ਜਾ ਕੇ ਪੂਰੇ ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਲੈਸਟਰ ਪੀਅਰਸਨ ਨੇ ਲਾਗੂ ਕੀਤਾ। ਅੱਜ ਵੀ ਡਗਲਸ ਨੂੰ 'ਫ਼ਾਦਰ ਆਫ ਮੈਡੀਕੇਅਰ' ਦਾ ਰੁਤਬਾ ਹਾਸਲ ਐ। ਅਜੋਕੇ ਸਮੇਂ ਵਿੱਚ ਮੁਲਕ ਦੀ ਇਸ ਚੌਥੀ ਵੱਡੀ ਪਾਰਟੀ ਦੀ ਵਾਗ-ਡੋਰ ਪੰਜਾਬੀ ਮੂਲ ਦੇ ਜਗਮੀਤ ਸਿੰਘ ਦੇ ਹੱਥ ਹੈ।

ਰੀਜਾਇਨਾ ਨਿੱਘੇ ਦਿਲ ਵਾਲ਼ਿਆਂ ਦਾ ਸ਼ਹਿਰ ਹੈ। ਢਾਈ ਲੱਖ ਦੀ ਆਬਾਦੀ ਵਾਲੇ ਸ਼ਹਿਰ ਵਿੱਚ ਗੋਰਿਆਂ ਦੀ 79 ਫੀਸਦ ਅਤੇ ਮੂਲਵਾਸੀਆਂ ਦੀ 10 ਫੀਸਦ ਆਬਾਦੀ ਹੋਣ ਦੇ ਬਾਵਜੂਦ, ਘੱਟ ਗਿਣਤੀ ਪ੍ਰਵਾਸੀਆਂ ਲਈ ਪੂਰੀ ਤਰਾਂ ਸੁਰੱਖਿਅਤ ਹੈ। ਕੋਈ ਰੰਗ ਨਸਲ ਭੇਦ ਨਹੀਂ। ਚਰਚ, ਗੁਰਦਵਾਰਾ, ਮੰਦਰ ਪੂਜਣਯੋਗ ਸਥਾਨ ਹਨ। ਵਿਸਾਖੀ ਵੇਲੇ ਸਿੱਖ ਪੈਰੇਡ ਅਤੇ ਕੈਨੇਡਾ ਡੇ ਇੱਕੋ ਜਿਹੀ ਸ਼ਰਧਾ ਨਾਲਮਨਾਏ ਜਾਂਦੇ ਹਨ। ਸਾਡੇ ਦੇਸ਼ ਦੇ ਉਲਟ 27 ਫੀਸਦ ਵੱਸੋਂ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦਾ ਕੋਈ ਧਰਮ ਨਹੀਂ। ਤਾਨਾਸ਼ਾਹ ਸਰਕਾਰਾਂ ਤੋਂ ਪ੍ਰੇਸ਼ਾਨ ਜਾਂ ਜੰਗੀ ਬਿਪਤਾਵਾਂ ਦੇ ਝੰਬੇ ਲੋਕਾਂ ਲਈ ਰੀਜਾਇਨਾ ਨੇ ਹਮੇਸ਼ਾ ਦਿਲ ਖੋਲ੍ਹ ਕੇ ਸੁਆਗਤ ਕੀਤਾ ਹੈ। ਇਸ ਦੀ ਤਾਜਾ ਮਿਸਾਲ ਯੁਕਰੇਨ ਵਾਸੀਆਂ ਲਈ ਰੈਣ ਬਸੇਰਾ ਬਣ ਕੇ ਸ਼ਹਿਰ ਨੇ ਆਪਣੀ ਮਹਿਮਾਨ ਨਿਵਾਜੀ ਦਾ ਸਬੂਤ ਦਿੱਤਾ ਹੈ, ਜਿੱਥੇ 4 ਜੁਲਾਈ 2022 ਨੂੰ 230 ਬੇਘਰ ਯੁਕਰੇਨੀਆਂ ਨੂੰ ਰੀਜਾਇਨਾ ਵਿੱਚ 'ਘਰ' ਮਿਲਿਆ। ਉੱਜੜ ਕੇ ਆਏ ਸਲਾਵਾ ਲੁਚਯੁਸਕਾ ਅਤੇ ਉਸ ਦਾ ਪੁੱਤਰ ਮੈਕਸਿਮ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਦੇ ਨੇ, ਰੀਜਾਇਨਾ ਵੱਡਾ ਸ਼ਹਿਰ ਨਹੀਂ, ਪਰ ਇੱਥੋਂ ਦੇ ਬਾਸ਼ਿੰਦਿਆਂ ਦੇ ਦਿਲ ਬਹੁਤ ਵੱਡੇ ਨੇ।

ਸਸਕੈਚਵਨ ਸਟੇਟ ਨੂੰ 'ਲੈਂਡ ਆਫ਼ ਦੀ ਲਿਵਿੰਗ ਸਕਾਈਜ' ਕਿਹਾ ਜਾਂਦੈ। ਵਿਸ਼ਾਲ ਖੇਤਾਂ ਵਾਲਾ ਇਹ ਸੂਬਾ ਕਣਕ ਅਤੇ ਕਨੋਲਾ ਦੀ ਪੈਦਾਵਾਰ ਲਈ ਪ੍ਰਸਿੱਧ ਐ। ਤੇਲ ਅਤੇ ਗੈਸ ਵੀ ਇੱਥੋਂ ਨਿੱਕਲਦੇ ਹਨ। ਸੈਲਾਨੀਆਂ ਲਈ ਚਾਰ ਮਹੀਨੇ ਬਹੁਤ ਖੁਸ਼ਨੁਮਾ ਹੁੰਦੇ ਹਨ। ਮਈ ਤੋਂ ਸਤੰਬਰ ਤੱਕ ਔਸਤਨ ਤਾਪਮਾਨ 19 ਡਿਗਰੀ ਸੈਲਸੀਅਸ ਰਹਿੰਦੈ। ਨਵੰਬਰ ਤੋਂ ਫ਼ਰਵਰੀ ਚਿੱਲ ਚਾੜ੍ਹਦੀ ਐ, ਜਦੋਂ ਪਾਰਾ ਜ਼ੀਰੋ ਡਿਗਰੀ ਤੋਂ ਕਾਫ਼ੀ ਥੱਲੇ ਚਲਿਆ ਜਾਂਦਾ। ਸਭ ਕੁੱਝ ਚਾਂਦੀ ਰੰਗਾ ਨਜ਼ਰੀਂ ਪੈਂਦਾ ਤੇ ਵਸਕਾਨਾ ਝੀਲ ਤੇ ਲੋਕੀਂ ਸਕੇਟਿੰਗ ਕਰਦੇ ਮਿਲਦੇ ਨੇ। ਟੋਰੰਟੋ ਤੋਂ 2650 ਅਤੇ ਵੈਨਕੂਵਰ ਤੋਂ 1700 ਕਿੱਲੋਮੀਟਰ ਦੀ ਦੂਰੀ ਤੇ ਵਸਿਆ ਇਹ ਸ਼ਹਿਰ ਵਾਰ ਵਾਰ ਦੇਖਣ ਨੂੰ ਦਿਲ ਕਰਦੈ। ਗੱਲ ਕੀ, ਕੋਈ ਖਿੱਚ ਤਾਂ ਹੈ ਇਸ ਧਰਤੀ ਵਿੱਚ। ਸ਼ਹਿਰ ਸੱਦਾ ਦਿੰਦੈ: 'ਯਾਰੋ! ਦੋ ਚਾਰ ਦਿਨ ਤਾਂ ਗੁਜ਼ਾਰੋ ਰੀਜਾਇਨਾ ਵਿੱਚ'!!!

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404

# "ਵੇਖਿਓ ਪੰਜਾਬੀਓ ! ਕਿਤੇ ਫਰਦਾਂ 'ਚੋਂ ਸਾਡੇ ਨਾਮ ਈ ਨਾ ਗੁਆਚ ਜਾਣ"

## ਅਸੀਂ ਪੰਜਾਬੀ ਹਾਂ... ਪਰ ਕੀ ਅਸੀਂ ਆਪਣੀ ਮਿੱਟੀ ਦੇ ਵੀ ਹਾਂ ?

**ਮਨਜੀਤ ਸਿੰਘ ਧਾਲੀਵਾਲ,**
ਮੋਬਾਇਲ ਨੰ. 9878608791

**ਜ਼ਮੀਨ ਵਿਕਦੀ ਨਹੀਂ, ਪੀੜ੍ਹੀਆਂ ਦੀ ਅਮਾਨਤ ਹੁੰਦੀ ਹੈ**

ਮਿੱਟੀ ਤੋਂ ਜੰਮੇ ਹਾਂ, ਮਿੱਟੀ 'ਤੇ ਜੀਉਂਦੇ ਹਾਂ ਅਤੇ ਅੰਤ ਵਿੱਚ ਮਿੱਟੀ ਵਿੱਚ ਹੀ ਮਿਲ ਜਾਣਾ ਹੈ। ਪਰ ਸਵਾਲ ਇਹ ਹੈ ਕਿ ਕੀ ਅਸੀਂ ਉਹ ਮਿੱਟੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾ ਕੇ ਜਾ ਰਹੇ ਹਾਂ ?"

ਇਨਸਾਨ ਦੀ ਜ਼ਿੰਦਗੀ ਦਾ ਪਹਿਲਾ ਅਤੇ ਆਖਰੀ ਰਿਸ਼ਤਾ ਮਿੱਟੀ ਨਾਲ ਹੀ ਹੁੰਦਾ ਹੈ। ਸਾਡੇ ਜਨਮ ਤੋਂ ਪਹਿਲਾਂ ਵੀ ਮਿੱਟੀ ਸੀ, ਅੱਜ ਵੀ ਹੈ ਅਤੇ ਸਾਡੇ ਜਾਣ ਤੋਂ ਬਾਅਦ ਵੀ ਮਿੱਟੀ ਰਹੇਗੀ। ਪਰ ਇਹ ਉਹ ਮਿੱਟੀ ਨਹੀਂ ਜਿਸਨੂੰ ਅਸੀਂ ਅੱਜ ਖੇਤਾਂ ਵਿੱਚ ਸਮਤਲ, ਨਹਿਰਾਂ ਨਾਲ ਸਿੰਜੀ ਹੋਈ ਅਤੇ ਆਧੁਨਿਕ ਮਸ਼ੀਨਾਂ ਨਾਲ ਸਜੀ ਹੋਈ ਦੇਖਦੇ ਆਂ। ਇਸ ਰੂਪ ਪਿੱਛੇ ਸਾਡੇ ਦਾਦਿਆਂ-ਪਰਦਾਦਿਆਂ ਦੇ ਸਵੇਰੇ ਤਿੰਨ ਵਜੇ ਉੱਠ ਕੇ ਜੋਤੇ ਹਲ ਨੇ,ਉਹਨਾਂ ਦੀਆਂ ਜੰਗਲਾਂ,ਪਹਾੜਾਂ ਨੂੰ ਸਾਫ ਕਰਕੇ ਕੀਤੀਆਂ ਮਿਹਨਤਾਂ, ਸਿਰ ਤੋਂ ਪੈਰ ਦੀ ਅੱਡੀ ਤੱਕ ਵਹਿੰਦੇ ਪਸੀਨੇ ਦੀਆਂ ਬੂੰਦਾਂ ਅਤੇ ਅਨੇਕਾਂ ਕੁਰਬਾਨੀਆਂ ਦੱਬੀਆਂ ਪਈਆਂ ਨੇ।

ਪਰ ਅੱਜ ਹਾਲਾਤ ਇਹ ਨੇ ਕਿ ਬਹੁਤ ਸਾਰੇ ਨੌਜਵਾਨ ਆਪਣੇ ਖੇਤਾਂ ਦੀਆਂ ਵੱਟਾਂ ਤਾਂ ਦੂਰ, ਖੇਤ ਹੈ ਕਿਹੜੇ ਪਾਸੇ ਇਹ ਵੀ ਨਹੀਂ ਜਾਣਦੇ। ਉਹ ਸਮਝਦੇ ਨੇ ਕਿ ਪਤਾ ਨੀ ਕਿਉਂ ਬਾਪੂ (ਦਾਦਾ) ਮੰਜੇ 'ਤੇ ਬੈਠਾ ਐਵੇਂ ਈ ਕਰਦਾ ਰਹਿੰਦੈ,ਪੁੱਤ ਖੇਤ ਗੇੜਾ ਮਾਰ ਆਇਆ ਕਰ,ਦੱਸ ਕੀ ਅੰਬ ਲੱਗੇ ਨੇ ਖੇਤ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਦੇ ਇਹ ਧਰਤੀ ਝਾੜੀਆਂ, ਟਿੱਬਿਆਂ ਅਤੇ ਜੰਗਲਾਂ ਨਾਲ ਭਰੀ ਹੋਈ ਸੀ, ਜਿਸਨੂੰ ਸਾਡੇ ਪੁਰਖਿਆਂ ਨੇ ਆਪਣੀ ਮਿਹਨਤ ਨਾਲ ਸੋਨਾ ਬਣਾਇਆ।

ਅੱਜ ਪੰਜਾਬ ਦੀ ਸਭ ਤੋਂ ਵੱਡੀ ਚਿੰਤਾ ਜਿੱਥੇ ਨਸ਼ਾ,ਬੇਰੁਜ਼ਗਾਰੀ ਏ ਉਸ ਤੋਂ ਵੀ ਜਿਆਦਾ ਜ਼ਮੀਨ ਪ੍ਰਤੀ ਘਟਦਾ ਮੋਹ ਏ। ਜਦੋਂ ਜ਼ਮੀਨ ਸਿਰਫ਼ ਵੇਚਣ ਵਾਲੀ ਜਾਇਦਾਦ ਬਣ ਜਾਵੇ ਅਤੇ ਵਿਰਸਾ ਨਾ ਰਹੇ, ਤਾਂ ਸਮਝੋ ਕੌਮ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਰਹੀ ਹੈ।

ਕੇਰਾਂ ਇੱਕ ਬਜੁਰਗ ਨੇ ਸੁਤੇ ਸੁਭਾਅ ਈ ਗੱਲ ਕਹੀ ਸੀ,ਜੋ ਦਿਲ ਨੂੰ ਲੱਗ ਗਈ,ਉਹ ਕਹਿੰਦਾ, "ਤੂੜੀ ਦੀ ਭਰੀ ਹੋਈ ਸਵਾਤ (ਤੂੜੀ ਵਾਲਾ ਕਮਰਾ) ਇੱਕ-ਇੱਕ ਟੋਕਰਾ ਕਰਕੇ ਸਾਲ ਵਿੱਚ ਖਾਲੀ ਹੋ ਜਾਂਦੀ ਏ, ਤੇ ਵੇਚੀ ਹੋਈ ਜ਼ਮੀਨ ਦਾ ਪੈਸਾ ਵੀ ਇੱਕ-ਇੱਕ ਗੁੱਟੀ ਕਰਕੇ ਕੁਝ ਸਾਲਾਂ ਵਿੱਚ ਮੁੱਕ ਜਾਂਦਾ ਏ।" ਇਹ ਕਹਾਵਤ ਅੱਜ ਪਹਿਲਾਂ ਨਾਲੋਂ ਵੀ ਵੱਧ ਸੱਚ ਲੱਗਦੀ ਹੈ। ਜਮੀਨ ਵੇਚ ਕੇ ਆਈ ਰਕਮ ਕੁਝ ਸਾਲਾਂ ਵਿੱਚ ਕਾਰਾਂ, ਕੋਠੀਆਂ, ਵਿਦੇਸ਼ੀ ਟੂਰਾਂ ਅਤੇ ਦਿਖਾਵੇ ਦੀ ਭੇਟ ਚੜ੍ਹ ਜਾਂਦੀ ਏ, ਪਰ ਉਹ ਜਮੀਨ ਕਦੇ ਨੀ ਮੁੜਦੀ। ਹਾਂ ਜੇਕਰ ਕਿਸੇ ਆਪਣੇ ਬੱਚੇ ਨੂੰ ਕੋਈ ਬਿਮਾਰੀ ਆਦਿ ਘੇਰ ਲਵੇ ਤਾਂ ਜਮੀਨ ਵੇਚਣੀ ਵੀ ਪੈ ਸਕਦੀ ਏ ,ਪਰ ਐਸ਼ੋ-ਅਰਾਮ,ਵੱਡੀਆਂ ਕੋਠੀਆਂ,ਵੱਡੀਆਂ ਕਾਰਾਂ,ਬੁਲਟਾਂ ਤੇ ਮਹਿੰਗੇ ਵਿਆਹਾਂ,ਮਹਿੰਗੇ ਭੋਗਾਂ,ਮਹਿੰਗੇ ਫੋਨਾਂ ਲਈ ਜਮੀਨ ਵੇਚਣੀ,ਸਿਰਫ ਆਪਣੇ ਹਊਮੇ ਨੂੰ ਪੱਠੇ ਪਾਉਣ ਵਾਲੀ ਗੱਲ ਏ।

ਪੰਜਾਬੀਓ ਇੱਕ ਦੂਜੇ ਨੂੰ ਸਮਝਾਓ ਬੀ ਇਹਨਾਂ ਫੁਕਰਪੁਣਿਆਂ ਚ ਕੁਸ਼ ਨੀ ਪਿਆ,ਜੇ ਕੋਈ ਜਮੀਨ ਵੇਚ ਕੇ ਵਿਤ ਨਾਲੋਂ ਵੱਧ ਖਰਚ ਕਰਦਾ ਏ ਉਹਨੂੰ ਸਮਝਾਓ ਬੀ ਇਹ ਵਿਆਹ,ਭੋਗ ਇੱਕ ਦੋ ਦਿਨਾਂ ਚ ਲੰਘ ਜਾਣਾ ਏ,ਪਰ ਵੇਚੀ ਪੈਲ਼ੀ ਮੁੜ ਨੀ ਜੁੜਨੀ।

ਅੰਕੜੇ ਵੀ ਚਿੰਤਾ ਵਧਾਉਂਦੇ ਨੇ। ਭਾਰਤ ਦੀ 2015-16 ਦੀ ਖੇਤੀਬਾੜੀ ਜਨਗਣਨਾ ਮੁਤਾਬਕ ਦੇਸ਼ ਵਿੱਚ ਔਸਤ ਜੋਤ ਲਗਭਗ 1.08 ਹੈਕਟੇਅਰ (ਕਰੀਬ 2.7 ਏਕੜ) ਰਹਿ ਗਈ ਹੈ। ਹਰ ਪੀੜ੍ਹੀ ਨਾਲ ਜ਼ਮੀਨ ਹੋਰ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਦੀ ਜਾ ਰਹੀ ਹੈ। ਪੰਜਾਬ ਵਿੱਚ ਵੀ ਹਜ਼ਾਰਾਂ ਏਕੜ ਖੇਤੀਯੋਗ ਜ਼ਮੀਨ ਹਰ ਸਾਲ ਰਿਹਾਇਸ਼ੀ ਕਲੋਨੀਆਂ, ਉਦਯੋਗਿਕ ਪ੍ਰੋਜੈਕਟਾਂ ਅਤੇ ਗੈਰ-ਖੇਤੀ ਵਰਤੋਂ ਵਿੱਚ ਤਬਦੀਲ ਹੋ ਰਹੀ ਹੈ। ਇਸਦਾ ਮਤਲਬ ਸਾਫ਼ ਹੈ—ਜਿਸ ਰਫ਼ਤਾਰ ਨਾਲ ਜ਼ਮੀਨ ਘਟ ਰਹੀ ਹੈ, ਉਸ ਰਫ਼ਤਾਰ ਨਾਲ ਵਧ ਨਹੀਂ ਸਕਦੀ। ਧਰਤੀ ਤਾਂ ਓਨੀ ਈ ਰਹੂ,ਇਹ ਤਾਂ ਨੀ ਵਧਦੀ।

ਸਾਡਾ ਸਮਾਜ ਵੀ ਬਦਲ ਗਿਆ ਹੈ। ਕਦੇ ਸਾਦਗੀ ਸਾਡੀ ਪਛਾਣ ਸੀ। ਕੁੜਤਾ-ਚਾਦਰਾ, ਖੁੱਲ੍ਹਾ ਵਿਹੜਾ, ਸਬਾਤਾਂ, ਵਰਾਂਡੇ ਅਤੇ ਰਿਸ਼ਤਿਆਂ ਦੀ ਨਿੱਘ—ਇਹੀ ਸਾਡੀ ਅਸਲ ਦੌਲਤ ਸੀ। ਅੱਜ ਵੱਡੀਆਂ ਕੋਠੀਆਂ ਨੇ, ਪਰ ਵਿਹੜੇ ਨਹੀਂ; ਮਹਿੰਗੀਆਂ ਕਾਰਾਂ ਨੇ, ਪਰ ਚੈਨ ਨਹੀਂ; ਬ੍ਰਾਂਡਡ ਕੱਪੜੇ ਨੇ, ਪਰ ਸੰਤੋਖ ਨਹੀਂ।

ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਦਿਖਾਵੇ ਨੂੰ ਇੱਜ਼ਤ ਸਮਝ ਬੈਠੇ ਹਾਂ। ਵਿਆਹਾਂ ਵਿੱਚ ਲੱਖਾਂ ਰੁਪਏ ਖਰਚ ਕਰਨਾ, ਮੌਤਾਂ 'ਤੇ ਵੀ ਸ਼ਾਨੋ-ਸ਼ੌਕਤ ਦਿਖਾਉਣਾ, ਵਿਆਹ ਚ ਫੇਰ ਵੀ ਮੰਨਿਆ ਚਲੋ ਖੁਸ਼ੀ ਏ,ਪਰ ਮਰਨੇ ਦੇ ਭੋਗ ਤੇ ਜਦੋਂ ਸਾਡੇ ਘਰ ਦਾ ਜੀਅ ਚਲਾ ਗਿਆ,ਉਹਦੇ ਚ ਕੀ ਵਖਾਵਾ ਕਰਨਾ,ਬੇਸ਼ੱਕ ਮਰਨ ਵਾਲਾ ਬਜੁਰਗ ਸੀ ਪਰ ਸੀ ਤਾਂ ਘਰ ਦਾ ਜੀਅ,ਜਿਸ ਨੇ ਕਦੇ ਬਲ਼ਦਾਂ ਨਾਲ ਹਲ ਜੋਤੇ ਸੀ।

ਹਰ ਮਹੀਨੇ ਬਿਨਾਂ ਜਰੂਰਤ ਤੋਂ ਨਵੇਂ ਕੱਪੜੇ ਖਰੀਦਣਾ ਅਤੇ ਬ੍ਰਾਂਡਡ ਚੀਜ਼ਾਂ ਨੂੰ ਸਟੇਟਸ ਸਮਝਣਾ—ਇਹ ਸਭ ਸਾਡੀ ਕਮਾਈ ਨਹੀਂ, ਸਾਡੀ ਸੋਚ ਨੂੰ ਖਾ ਰਿਹਾ ਏ।

ਕਾਰਪੋਰੇਟ ਕੰਪਨੀਆਂ ਨੇ ਸਾਨੂੰ ਇਹ ਯਕੀਨ ਦਿਵਾ ਦਿੱਤਾ ਕਿ ਜਿੰਨਾ ਜ਼ਿਆਦਾ ਖਰਚੋਗੇ, ਉਨਾਂ ਪੈਸੇ ਦਾ ਸਰਕਲ ਚੱਲੇਗਾ।ਚਲੋ ਗੱਲ ਠੀਕ ਵੀ ਏ,ਪਰ ਫਾਲਤੂ ਖਰਚ ਕਿਉਂ ? ਸੇਲਾਂ ਦੇ ਨਾਂ 'ਤੇ ਸਾਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਅਸੀਂ ਸਸਤਾ ਖਰੀਦ ਕੇ ਕੋਈ ਜੰਗ ਜਿੱਤ ਲਈ ਏ,ਪਰ ਜਿੰਨਾਂ ਚੀਜਾਂ ਦੀ ਸਾਨੂੰ ਜਰੂਰਤ ਵੀ ਨਹੀਂ ਹੁੰਦੀ ਲਾਲਚ ਚ ਉਹ ਵੀ ਖਰੀਦ ਲੈਂਦੇ ਹਾਂ, ਜਦਕਿ ਅਸਲ ਵਿੱਚ ਸਾਡੀਆਂ ਜੇਬਾਂ ਅਤੇ ਹੌਲੀ-ਹੌਲੀ ਸਾਡੀਆਂ ਜ਼ਮੀਨਾਂ ਖਾਲੀ ਹੋ ਰਹੀਆਂ ਹੁੰਦੀਆਂ ਨੇ।

ਸਭ ਤੋਂ ਵੱਡਾ ਦੁੱਖ ਇਹ ਹੈ ਕਿ ਅੱਜ ਦਾ ਨੌਜਵਾਨ ਛੁੱਟੀਆਂ ਵਿੱਚ ਆਪਣੇ ਖੇਤਾਂ ਦੀ ਮੋਟਰ 'ਤੇ ਬੈਠਣ ਦੀ ਬਜਾਏ ਮਾਲਾਂ, ਫਿਲਮਾਂ ਅਤੇ ਪਹਾੜਾਂ ਨੂੰ ਤਰਜੀਹ ਦਿੰਦਾ ਹੈ। ਪਹਾੜਾਂ ਚ ਜਾ ਜਦੋਂ ਆਪਣੇ ਲੋਕ ਗਾਰਾ ਸ਼ਰੀਰ ਤੇ ਮਲ ਕੇ ਕਹਿੰਦੇ ਨੇ ਕਿ ਉਹ ਇੱਥੇ



ਮੱਡ ਬਾਥ (ਸਰੀਰ ਤੇ ਗਾਰਾ ਮਲਣਾ) ਲੈਣ ਆਏ ਨੇ,ਉਨਾਂ ਵਿਚਾਰਿਆਂ ਨੂੰ ਕੀ ਪਤਾ ਝੋਨਾ ਲਾਉਣ ਵੇਲੇ ਖੇਤਾਂ ਚ ਮੱਡ ਈ ਮੱਡ ਹੁੰਦਾ,ਫਰੀ ਚ ਜਿੰਨਾਂ ਮਰਜੀ ਲਿਟੋ। ਉਸਨੂੰ ਇਹ ਨਹੀਂ ਪਤਾ ਕਿ ਜਿਸ ਪੈਸੇ ਨਾਲ ਉਹ ਇਹ ਸਭ ਕਰ ਰਿਹਾ ਹੈ, ਉਸਦੀ ਜੜ੍ਹ ਉਸਦੇ ਖੇਤਾਂ ਵਿੱਚ ਹੈ। ਜਿੰਨੀ ਧਰਤੀ ਆਪਣੀ ਹੁੰਦੀ ਹੈ, ਉੱਨਾ ਹੀ ਅਸਮਾਨ ਵੀ ਆਪਣਾ ਹੁੰਦਾ ਹੈ।ਕਦੇ ਵਿਹਲੀ ਪਈ ਜਮੀਨ ਚ ਲਿਟ ਕੇ ਅਸਮਾਨ ਵੱਲ ਵੇਖਿਓ,ਸਾਰਾ ਅਸਮਾਨ ਆਪਣਾ ਈ ਲੱਗੂ। ਜ਼ਮੀਨ ਸਿਰਫ਼ ਰੋਟੀ ਨਹੀਂ ਦਿੰਦੀ, ਇਹ ਇੱਜ਼ਤ, ਪਛਾਣ ਅਤੇ ਆਜ਼ਾਦੀ ਵੀ ਦਿੰਦੀ ਹੈ।

ਸਾਡੇ ਬਜ਼ੁਰਗਾਂ ਨੇ ਇੱਕੋ ਜੋੜਾ ਕੱਪੜਾ ਤੇ ਜੁੱਤੇ ਪਾ ਕੇ ਸਾਲਾਂ ਦੇ ਸਾਲ ਕੱਢ ਦਿੱਤੇ, ਪਰ ਜ਼ਮੀਨ ਨਹੀਂ ਵੇਚੀ। ਉਨ੍ਹਾਂ ਨੇ ਧੁੱਪਾਂ, ਮੀਂਹ ਅਤੇ ਠੰਢਾਂ ਸਹਾਰੀਆਂ, ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਜ਼ਬੂਤ ਨੀਂਹ ਦਿੱਤੀ।

ਕਹਾਵਤ ਹੈ, ਪਿਉ-ਦਾਦਿਆਂ ਦੀ ਕਮਾਈ ਵੇਚਣੀ ਸੌਖੀ, ਬਣਾਉਣੀ ਬਹੁਤ ਔਖੀ।÷ ਇਹ ਗੱਲ ਹਰ ਨੌਜਵਾਨ ਨੂੰ ਯਾਦ ਰੱਖਣੀ ਚਾਹੀਦੀ ਹੈ। ਵੇਚੀ ਹੋਈ ਜ਼ਮੀਨ ਮੁੜ ਨਹੀਂ ਆਉਂਦੀ, ਪਰ ਕੀਤੀ ਹੋਈ ਗਲਤੀ ਜ਼ਰੂਰ ਪਛਤਾਵਾ ਬਣ ਕੇ ਵਾਪਸ ਆਉਂਦੀ ਹੈ।

ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਪੰਜਾਬੀ ਹੋਣਾ ਸਿਰਫ਼ ਉੱਚੀ ਆਵਾਜ਼ ਵਿੱਚ ਅਸੀਂ ਪੰਜਾਬੀ ਹੁੰਨੇ ਆਂ ਪੰਜਾਬੀ ਕਹਿਣ ਨਾਲ ਸਾਬਤ ਨਹੀਂ ਹੁੰਦਾ। ਪੰਜਾਬੀ ਉਹ ਏ ਜੋ ਮਿੱਟੀ ਨਾਲ ਪਿਆਰ ਕਰੇ, ਹਲ ਅਤੇ ਖੇਤ ਦੀ ਇੱਜ਼ਤ ਕਰੇ, ਆਪਣੇ ਵਿਰਸੇ ਨੂੰ ਸੰਭਾਲੇ ਅਤੇ ਅਗਲੀ ਪੀੜ੍ਹੀ ਨੂੰ ਇਹ ਅਮਾਨਤ ਸੁਰੱਖਿਅਤ ਦੇਵੇ। ਜੇ ਜ਼ਮੀਨ ਹੀ ਨਾ ਰਹੀ ਤਾਂ ਫਿਰ ਪੰਜਾਬੀਪੁਣਾ ਵੀ ਸਿਰਫ਼ ਗੀਤਾਂ ਅਤੇ ਸੋਸ਼ਲ ਮੀਡੀਆ ਦੀਆਂ ਪੋਸਟਾਂ ਤੱਕ ਹੀ ਸੀਮਤ ਰਹਿ ਜਾਵੇਗਾ।

ਅੱਜ ਵੀ ਸਮਾਂ ਹੈ। ਆਪਣੀ ਮਿੱਟੀ ਬੱਚਿਆਂ ਨੂੰ ਪਿਆਰ ਕਰਨਾ ਸਿਖਾਈਏ। ਸਿਰਾਂ ਦੇ ਮੁੱਲ ਦੇ ਕੇ ਆਪਣੇ ਖ਼ੂਨ ਨਾਲ ਸਿੰਜੀਆਂ ਜਮੀਨਾਂ ਦਾ ਇਤਿਹਾਸ ਆਪਣੇ ਬੱਚਿਆਂ ਨੂੰ ਦੱਸੀਏ,ਕਿਸੇ ਮਹਿੰਗੇ ਹੋਟਲ ਚ ਖਾਧੇ ਪੀਜੇ,ਬਰਗਰ ਦੀ ਫੋਟੋ ਸ਼ੋਸ਼ਲ ਮੀਡੀਆ 'ਤੇ ਪਾਉਣ ਦੀ ਬਜਾਇ,ਖੇਤ 'ਚ ਇੱਟਾਂ ਦਾ ਚੁੱਲਾ ਬਣਾ ਕੇ, ਲੱਕੜਾਂ ਨਾਲ ਬਣੀ ਗੁੜ ਦੀ ਚਾਹ ਤੇ ਚਟਣੀ ਨਾਲ ਭੂਪਨਾ (ਰੋਟੀ ਫੋਲਡ ਕਰਕੇ) ਬਣਾ ਕੇ ਖਾਦੀ ਰੋਟੀ ਦੀਆਂ ਫੋਟੋਆਂ ਪਾਈਏ ਤੇ ਅਜਿਹੀਆਂ ਫੋਟੋਆਂ ਨੂੰ ਵੱਧ ਤੋਂ ਵੱਧ ਸ਼ੇਅਰ ਕਰੀਏ ਤਾਂ ਕਿ ਆਪਣੀ ਆਉਣ ਵਾਲੀ ਪੀੜੀ ਨੂੰ ਖੇਤਾਂ ਨਾਲ ਜੋੜ ਸਕੀਏ। ਆਪਣੀ ਬੋਲੀ, ਆਪਣੇ ਵਿਰਸੇ ਅਤੇ ਆਪਣੇ ਪੰਜਾਬ ਨੂੰ ਸੰਭਾਲੋ ਪੰਜਾਬਿਓ। ਬੱਚਿਆਂ ਨੂੰ ਖੇਤਾਂ ਨਾਲ ਜੋੜੋ। ਉਨ੍ਹਾਂ ਨੂੰ ਦੱਸੋ ਕਿ ਇਹ ਜ਼ਮੀਨ ਸਿਰਫ਼ ਰਕਬਾ ਨਹੀਂ, ਸਗੋਂ ਉਨ੍ਹਾਂ ਦੇ ਪੁਰਖਿਆਂ ਦੀਆਂ ਅਰਦਾਸਾਂ, ਮਿਹਨਤ ਅਤੇ ਕੁਰਬਾਨੀਆਂ ਦਾ ਨਤੀਜਾ ਹੈ।

ਯਾਦ ਰੱਖੋ—ਜ਼ਮੀਨ ਵੇਚ ਕੇ ਅਮੀਰ ਹੋਣਾ ਕੁਝ ਸਮੇਂ ਦੀ ਗੱਲ ਹੈ, ਪਰ ਜ਼ਮੀਨ ਬਚਾ ਕੇ ਰੱਖਣਾ ਪੀੜ੍ਹੀਆਂ ਨੂੰ ਅਮੀਰ ਬਣਾਉਂਦਾ ਹੈ।

ਅੰਤ ਵਿੱਚ ਸਿਰਫ਼ ਇੱਕ ਗੱਲ—

ਜਿਸ ਦਿਨ ਪੰਜਾਬੀਆਂ ਨੇ ਆਪਣੀ ਮਿੱਟੀ (ਜਮੀਨ) ਕੋਰਪੋਰੇਟਰਾਂ ਵੇਚਣੀ ਛੱਡ ਦਿੱਤੀ, ਉਸ ਦਿਨ ਪੰਜਾਬ ਦਾ ਭਵਿੱਖ ਮੁੜ ਲਿਖਿਆ ਜਾਵੇਗਾ। ਕਿਉਂਕਿ ਮਿੱਟੀ ਸਿਰਫ਼ ਧਰਤੀ ਨਹੀਂ ਹੁੰਦੀ, ਉਹ ਕੌਮ ਦੀ ਪਛਾਣ, ਸਵੈਮਾਣ ਅਤੇ ਆਉਣ ਵਾਲੀਆਂ ਨਸਲਾਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਹੁੰਦੀ ਹੈ। ਕੋਰਪੋਰੇਟਰਾਂ ਕੋਲ ਅਜੇ ਸਿਰਫ ਇੰਟਰਨੈੱਟ ਏ,ਤੇ ਜੇ ਦੋ-ਚਾਰ ਘੰਟੇ ਨੈੱਟ ਨਾ ਚੱਲੇ ਤਾਂ ਐਂ ਲਗਦੈ ਬੀ ਜਾਨ ਈ ਨਾ ਨਿਕਲਜੇ, ਜੇ ਆਪਣੇ ਕੋਲ ਜਮੀਨ ਹੋਊ ਆਪਣੀ ਕਣਕ,ਛੋਲੇ,ਚਾਵਲ,ਸਬਜੀ ਪੈਦਾ ਕਰਕੇ ਪੇਟ ਤਾਂ ਭਰ ਲਓਗੇ,ਸੋਚੋ ਜੇ ਕੋਰਪੋਰੇਟਰਾਂ ਕੋਲ ਇਹ ਵੀ ਆ ਗਿਆ,ਤਾਂ ਸੋਚੋ ਭੁੱਖ ਦਿਨ 'ਚ ਤਿੰਨ ਵਾਰ ਲੱਗਦੀ ਏ,ਹੱਥ ਬੰਨਣੇ ਪੈਣਗੇ ਉਸੇ ਰਿਜਕ ਲਈ ਜਿਸ ਦੇ ਪੰਜਾਬੀ ਲੰਗਰ ਲਾਉਂਦੇ ਨੇ।

ਮਿੱਟੀ ਦੀ ਇਹ ਖਲਕਤ ਏ ਕਿ ਇਹ ਹਵਾ ਦੇ ਬੁੱਲੇ ਨਾਲ ਈ ਉੱਡ ਜਾਂਦੀ ਏ, 'ਨੀ ਮਿੱਟੀਏ ਵਾ ਲੱਗਿਆਂ ਉੱਡ ਜਾਣਾ', ਵੇਖਿਓ ਪੰਜਾਬੀਓ ! ਕਿਤੇ ਇਹ ਨਾ ਹੋਵੇ ਫਰਦਾਂ ਚੋਂ ਸਾਡੇ ਨਾਮ ਈ ਗਵਾਚ ਜਾਣ।

## ਗਿਆਨੀ ਜੈਲ ਸਿੰਘ ਮਗਰੋਂ ਉਨ੍ਹਾਂ ਦਾ ਪੋਤਾ ਕੁਲਤਾਰ ਸਿੰਘ ਸੰਧਵਾਂ ਹੋਏ ਪੇਸ਼

ਸਫ਼ਾ 1 ਦੀ ਬਾਕੀ

ਹੁਣ 'ਸੰਧਵਾਂ ਪਰਿਵਾਰ' ਦੇ ਦੂਜੇ ਮੈਂਬਰ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਪੇਸ਼ ਹੋਏ ਹਨ। ਪੰਜਾਬ ਵਿਧਾਨ ਸਭਾ ਦੇ ਕੁਲਤਾਰ ਸਿੰਘ ਸੰਧਵਾਂ



ਪਹਿਲੇ ਸਪੀਕਰ ਹਨ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਤਲਬ ਕੀਤਾ ਗਿਆ ਹੈ।ਕੁਲਤਾਰ ਸਿੰਘ ਸੰਧਵਾਂ ਗਿਆਨੀ ਜੈਲ ਸਿੰਘ ਦੇ ਭਰਾ ਦੇ ਪੋਤੇ ਹਨ ਪਰ ਉਨ੍ਹਾਂ ਨੂੰ ਗਿਆਨੀ ਜੈਲ ਸਿੰਘ ਦੇ ਪੋਤੇ ਵਜੋਂ ਹੀ ਜਾਣਿਆ ਜਾਂਦਾ ਹੈ। ਪੰਜਾਬ ਵਿਧਾਨ ਸਭਾ ਵੱਲੋਂ ਵਿਸਾਖੀ ਦਿਹਾੜੇ ਦੇ ਮੌਕੇ 13 ਅਪਰੈਲ 2026 ਨੂੰ ਸਾਲ 2008 ਦੇ ਪੁਰਾਣੇ ਐਕਟ 'ਚ ਸੋਧ ਕਰਕੇ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਪਾਸ ਕੀਤਾ ਗਿਆ ਸੀ। ਇਸ ਸੋਧ ਐਕਟ 'ਤੇ ਛਿੜੇ ਵਿਵਾਦ ਮਗਰੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ 'ਆਪ' ਦੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਹੁਣ ਤਲਬ ਕੀਤਾ।

ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ 19 ਵੀਂ ਸਦੀ ਦੇ ਸ਼ੁਰੂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਅਕਾਲੀ ਫੂਲਾ ਸਿੰਘ ਵੱਲੋਂ ਸਿੱਖ ਸਾਮਰਾਜ ਦੇ ਤਾਕਤਵਰ ਸ਼ਾਸਕ ਮਹਾਰਾਜਾ ਸਿੰਘ ਰਣਜੀਤ ਸਿੰਘ ਨੂੰ ਤਲਬ ਕੀਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਰੂਹਾਨੀ ਅਸਥਾਨ ਅੱਗੇ ਸਿਰ ਝੁਕਾਉਂਦਿਆਂ ਧਾਰਮਿਕ ਸਜ਼ਾ ਪ੍ਰਵਾਨ ਕਰ ਲਈ ਸੀ। ਅਪਰੇਸ਼ਨ ਬਲੂ ਸਟਾਰ ਮਗਰੋਂ ਗਿਆਨੀ ਜੈਲ ਸਿੰਘ ਤੋਂ ਇਲਾਵਾ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਧਾਰਮਿਕ ਸਜ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਗਈ ਸੀ।ਅਪਰੇਸ਼ਨ ਬਲੈਕ ਥੰਡਰ ਤਹਿਤ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਪੁਲੀਸ ਭੇਜਣ ਕਰਕੇ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਲਗਾਈ ਗਈ ਸੀ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਇੱਕ ਵਿਵਾਦਿਤ ਵੀਡੀਓ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸਪਸ਼ਟੀਕਰਨ ਲਈ ਤਲਬ ਕੀਤਾ ਜਾ ਚੁੱਕਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ' ਕਰਾਰ ਦਿੱਤਾ ਗਿਆ ਹੈ।

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


DAWSON'S LANDING
CHESTERMERE
Your Perfect Landing Spot Awaits
ਆਖਿਰੀ ਫੇਸ
ਹੁਣ ਵੇਚ ਰਹੇ ਹਾਂ
ਚੈਸਟਰਮੇਰ ਦੇ ਕੁਦਰਤ ਨਾਲ ਜੁੜੇ ਭਾਈਚਾਰੇ ਵਿੱਚ ਨਿਰਮਾਣ ਕਰਨ ਦਾ ਤੁਹਾਡਾ ਆਖਰੀ ਮੌਕਾ ਇੱਥੇ ਹੈ।
LANED HOMES from the high $400s
FRONT GARAGE DUPLEXES from the high $500s
FRONT GARAGE HOMES from the low $700s
SEMI-ESTATE HOMES from the high $700s
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ ਇੱਕ ਸਥਾਪਿਤ ਭਾਈਚਾਰਾ ਹੈ,ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਇੱਕ ਡੌਗ ਪਾਰਕ ਹੁਣ ਖੁੱਲ੍ਹਾ ਹੈ, ਅਤੇ ਨੇੜਲੇ ਭਵਿੱਖ ਲਈ ਇੱਕ ਈਕੋ ਪਾਰਕ ਦੀ ਯੋਜਨਾ ਬਣਾਈ ਗਈ ਹੈ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
ਆਪਣੇ ਮਨਪਸੰਦ ਬਿਲਡਰ ਨਾਲ ਅੱਜ ਹੀ ਸੰਪਰਕ ਕਰੋ!
• Broadview Homes • Sterling Homes • NuVista Homes
• Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


bridgeport
CHESTERMERE
ਇਸ ਨੂੰ ਬਣਾਓ
ਇਸ ਨੂੰ ਅਕਾਰ ਦਿਓ
ਇਸ ਨੂੰ ਪਿਆਰ ਕਰੋ
ਚੈਸਟਰਮੀਅਰ ਵਿੱਚ ਇੱਕ ਬਿਲਕੁਲ ਨਵੀਂ ਕਮਿਓਨਿਟੀ ਬਣਨ ਜਾ ਰਹੀ ਹੈ, ਅਤੇ ਜਿੰਦਗੀ ਦੀ ਕਹਾਣੀ ਲਿਖਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਜਲਦੀ ਪਹੁੰਚੋ, ਜੜ੍ਹਾਂ ਨੂੰ ਹੇਠਾਂ ਰੱਖੋ, ਅਤੇ ਪਹਿਲੇ ਦਿਨ ਤੋਂ ਹੀ ਬ੍ਰਿਜਪੋਰਟ ਦੇ ਕਿਰਦਾਰ ਨੂੰ ਆਕਾਰ ਦੇਣ ਵਿੱਚ ਮਦਦ ਕਰੋ। ਇੱਕ ਘਰ ਲੱਭੋ ਜੋ ਅੱਜ ਤੁਹਾਡੀ ਜ਼ਿੰਦਗੀ ਦੇ ਅਨੁਕੂਲ ਹੈ ਅਤੇ ਇੱਕ ਭਾਈਚਾਰੇ ਵਿੱਚ ਸ਼ਾਮਿਲ ਹੋਵੋ ਜੋ ਤੁਹਾਡੀ ਜਿੰਦਗੀ ਦੀ ਕਹਾਣੀ ਦੇ ਨਾਲ ਨਾਲ ਵਧੇਗਾ।
Find Your Dream Home!
liveinbridgeport.com
LANED DUPLEXES from the mid $500s
LANED HOMES from the high $500s
FRONT GARAGE HOMES from the mid $700s
Our Premier Builders:
• NuVista Homes • Shane Homes • Sterling Homes • Broadview Homes • Truman • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


VANTAGE RISE
ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ
PHASE 1 PRE-SALES NOW UNDERWAY!
Townhomes FROM THE LOW $500s
Laned Homes FROM THE HIGH $500s
Front Garage FROM THE LOW $700s
ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
Yankee Valley Blvd
24 St SW
Range Rd 13
to Calgary
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com